MORTGAGE EXPERT
ਮੌਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
- Residential Mortgage
- Construction Mortgage
- Commercial Loan
- Private Loan
SATNAM SAROYA
MORTGAGE SPECIALIST
HOMEKEY
604.760.9172
# 384-8148 128 St., Surrey
6303 Fraser St., Vancouver

ਕੈਨੇਡਾ
# ਪੰਜਾਬ ਲਿੰਕ
WEEKLY NEWSPAPER VOL. : 11 ISSUE : 09 SATURDAY, 4 MARCH, 2023
www.punjablinkpaper.com 604-503-5465

Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- RESP,RRSP's
- ਮੋਰਟਗੇਜ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੌਨ ਮੈਡੀਕਲ ਇੰਸ਼ੋਰੈਂਸ
ਜਸਵੀਰ ਗਰੇਵਾਲ
778.317.6262
jasvirgrewal0596@gmail.com

# ਬ੍ਰਿਟਿਸ਼ ਕੋਲੰਬੀਆ ਦੇ 2023-24 ਬਜਟ ਵਿਚ ਕੀਤੇ ਸਿਹਤ ਸੰਭਾਲ, ਹਾਊਸਿੰਗ ਤੇ ਗਰਾਂਟਾਂ ਦੇ ਵਾਅਦੇ

ਵਿਕਟੋਰੀਆ-ਬ੍ਰਿਟਿਸ਼ ਕੋਲੰਬੀਆ ਦੇ ਬਜਟ ਵਾਲੇ ਦਿਨ ਜਿਥੇ ਸੂਬੇ ਦੀ ਰਾਜਧਾਨੀ ਨੂੰ ਸਵੇਰ ਵੇਲੇ ਬਰਫ ਦੀ ਚਿੱਟੀ ਚਾਦਰ ਨੇ ਢੱਕ ਲਿਆ ਉਥੇ ਪ੍ਰੀਮੀਅਰ ਡੇਵਿਡ ਏਬੀ ਦੀ ਨਿਊ ਡੈਮੋਕਰੈਟਿਕ ਸਰਕਾਰ ਨੇ ਆਉਣ ਵਾਲੇ ਵਿੱਤੀ ਵਰ੍ਹੇ ਵਿਚ ਚੰਗਾ ਖਰਚ ਕਰਨ ਦੀਆਂ ਯੋਜਨਾਵਾਂ ਪੇਸ਼ ਕੀਤੀਆਂ ਹਨ। ਵਿੱਤ ਮੰਤਰੀ ਕੈਟਰੀਨ ਕੋਨਰੋਏ ਨੇ 2023-24 ਦਾ ਬਜਟ ਪੇਸ਼ ਕਰਦਿਆਂ ਕਿਹਾ ਕਿ ਇਸ ਸਾਲ ਦਾ ਬਜਟ ਉਨ੍ਹਾਂ ਲੋਕਾਂ ਦੀ ਸੁਰੱਖਿਆ ਵਿਚ ਮਦਦ ਕਰਦਾ ਹੈ ਜਿਹੜੇ ਉੱਚੀਆਂ ਕੀਮਤਾਂ ਦੀ ਝਾਲ ਨਹੀਂ ਝੱਲ ਸਕਦੇ ਅਤੇ ਬਜਟ ਕਿਫਾਇਤੀ ਘਰ ਲੱਭਣ ਅਤੇ ਸਿਹਤ ਸੰਭਾਲ ਤਕ ਪਹੁੰਚ ਵਰਗੇ ਲੋਕਾਂ ਦੀ ਦੇਖਭਾਲ ਦੇ ਮੁੱਦਿਆਂ 'ਤੇ ਕਾਰਵਾਈ ਕਰਦਾ ਹੈ ਪਰ ਬਜਟ ਵਿਚ ਮੁੱਖ ਵੇਰਵਿਆਂ ਦੀ ਘਾਟ ਹੈ ਜਿਸ ਵਿਚ ਭਵਿੱਖ ਦੇ ਘਾਟੇ ਸ਼ਾਮਿਲ ਹਨ ਅਤੇ ਇਸ ਵਿਚ ਸੰਭਾਵੀ ਤੌਰ 'ਤੇ ਆਉਣ ਵਾਲੇ ਆਰਥਿਕ ਝਮੇਟਿਆਂ ਦੀ ਚਿਤਾਵਨੀ ਦਿੱਤੀ ਗਈ ਹੈ। ਉਜਾਗਰ ਕੀਤੇ ਖਰਚਿਆਂ ਵਿਚ ਮਿਉਂਸਪਲਟੀਆਂ ਲਈ ਇਕ ਵਾਰ ਦੀ ਇਕ ਅਰਬ ਡਾਲਰ ਦੀ ਗਰਾਂਟ, ਮਾਨਸਿਕ ਸਿਹਤ, ਨਸ਼ਾਖੋਰੀ ਤੇ ਇਲਾਜ ਸੇਵਾਵਾਂ ਲਈ 199 ਮਿਲੀਅਨ ਡਾਲਰ ਹੋਰ ਰੱਖੇ ਗਏ ਹਨ।



## ਕਰਦਾਤਾਵਾਂ 'ਤੇ ਭਾਰ

ਕਾਰਬਨ ਟੈਕਸ ਵਿਚ ਵੱਡੇ ਵਾਧੇ ਕਾਰਨ ਬ੍ਰਿਟਿਸ਼ ਕੋਲੰਬੀਆ ਵਾਸੀ ਦਰਦ ਮਹਿਸੂਸ ਕਰਨਗੇ ਅਤੇ ਵਿਆਪਕ ਪਬਲਿਕ ਟਰਾਂਜ਼ਿਟ ਸਿਸਟਮ ਤੋਂ ਬਿਨ੍ਹਾਂ ਸੂਬੇ ਦੇ ਕਈ ਹਿੱਸਿਆਂ ਵਿਚ ਵਿਕਾਸ ਦਾ ਸਵਾਗਤ ਹੋਣ ਦੀ ਸੰਭਾਵਨਾ ਨਹੀਂ। ਇਕ ਅਪ੍ਰੈਲ ਤੋਂ ਸ਼ੁਰੂ ਹੋ ਕੇ ਹਰੇਕ ਸਾਲ ਪ੍ਰਤੀ ਟਨ 15 ਡਾਲਰ ਕਾਰਬਨ ਡਾਇਆਕਸਾਈਡ ਟੈਕਸ ਲੱਗੇਗਾ ਜਦੋਂ ਤਕ ਇਹ 2030 ਤਕ 170 ਡਾਲਰ ਪ੍ਰਤੀ ਟਨ 'ਤੇ ਨਹੀਂ ਪਹੁੰਚ ਜਾਂਦਾ। ਇਹ ਮੌਜੂਦਾ ਸਮੇਂ 50 ਡਾਲਰ ਪ੍ਰਤੀ ਟਨ ਹੈ। ਇਸ ਵਾਧੇ ਦਾ ਮਤਲਬ ਇਕ ਲਿਟਰ ਗੈਸੋਲੀਨ 'ਤੇ ਟੈਕਸ ਦਾ ਹਿਸਾ 2030 ਤਕ ਵੱਧ ਕੇ 37.4 ਫ਼ੀਸਦੀ ਹੋ ਜਾਵੇਗਾ ਜਿਹੜਾ ਮੌਜੂਦਾ ਸਮੇਂ 11 ਸੈਂਟ ਤੋਂ ਥੋੜਾ ਵੱਧ ਹੈ। ਆ ਰਹੇ ਬਜਟ ਵਿਚ ਇਹ ਵਾਧਾ ਬੀਸੀ ਵਾਸੀਆਂ ਲਈ ਸ਼ਾਇਦ ਸਭ ਤੋਂ ਵੱਧ ਮਹੱਤਵਪੂਰਣ ਮੁੱਦਾ ਹੈ ਜਿਸ ਵਿਚ ਅਨੁਮਾਨਤ 80.2 ਅਰਬ ਡਾਲਰ ਦੇ ਖਰਚ ਵਿਚ ਲਗਪਗ 4.2 ਅਰਬ ਡਾਲਰ ਆਮਦਨ ਤੋਂ ਜ਼ਿਆਦਾ ਖਰਚ ਹੈ। ਲਗਪਗ 4.7 ਅਰਬ ਡਾਲਰ ਦਾ ਨਵਾਂ ਖਰਚ ਪਹਿਲੀ ਅਪ੍ਰੈਲ ਤੋਂ ਸ਼ੁਰੂ ਹੋ ਰਿਹਾ ਹੈ। ਤਾਜ਼ਾ ਭਵਿੱਖਬਾਣੀ ਵਿਚ 2023-24 ਦਾ ਰੈਵੀਨਿਊ 5 ਅਰਬ ਡਾਲਰ ਘੱਟ ਰਹਿਣ ਦਾ ਅਨੁਮਾਨ ਹੈ ਕਿਉਂਕਿ ਸੂਬਾ ਸਰਕਾਰ ਸਾਲ 2023 ਵਿਚ ਬੀਸੀ ਦੀ ਆਰਥਿਕਤਾ ਦਾ ਵਿਕਾਸ 0.4 ਫ਼ੀਸਦੀ ਰਹਿਣ ਦੀ ਆਸ ਕਰ ਰਹੀ ਹੈ ਅਜਿਹਾ ਯੂਕਰੇਨ ਵਿਚ ਜੰਗ ਅਤੇ ਵਿਆਜ ਦਰਾਂ ਵਰਗੇ ਦੂਸਰੇ ਆਰਥਿਕ ਕਾਰਨਾਂ ਕਰਕੇ ਰਹਿਣ ਦੀ ਆਸ ਹੈ। ਇਸ ਤੋਂ ਇਲਾਵਾ ਸਰਕਾਰ ਨੂੰ 31 ਮਾਰਚ ਤੋਂ ਪਹਿਲਾਂ 3.7 ਅਰਬ ਡਾਲਰ ਹੋਰ ਖਰਚ ਕਰਨਾ ਪਵੇਗਾ ਜਿਸ ਵਿਚੋਂ 2.7 ਅਰਬ ਡਾਲਰ ਲਈ ਨਿਯਮਤ ਬਜਟ ਪ੍ਰਕਿਰਿਆ ਤੋਂ ਬਾਹਰ ਲੈਜਿਸਲੇਚਰ ਦੀ ਪ੍ਰਵਾਨਗੀ ਦੀ ਲੋੜ ਹੈ। ਇਸ ਫੰਡ ਵਿਚ ਮਿਉਂਸਪਲਟੀਆਂ ਲਈ ਇਕ ਸਮੇਂ ਦੀ ਇਕ ਅਰਬ ਦੀਆਂ ਗਰਾਂਟਾਂ ਸ਼ਾਮਿਲ ਹਨ ਜਿਨ੍ਹਾਂ ਦਾ ਫਰਵਰੀ ਵਿਚ ਐਲਾਨ ਕੀਤਾ ਗਿਆ ਸੀ। ਬੀਸੀ ਦਾ 2022-23 ਵਿੱਤੀ ਸਾਲ 3.6 ਅਰਬ ਡਾਲਰ ਸਰਪਲੱਸ ਨਾਲ ਖਤਮ ਹੋਵੇਗਾ

*(ਬਾਕੀ ਸਫ਼ਾ 8 'ਤੇ)*

For All Kind of Real Estate Needs
ਕਾਬਲੀਅਤ, ਤਜਰਬਾ ਅਤੇ ਸਮਜਦਾਰੀ... ਘਰ ਖਰੀਦਣ ਅਤੇ ਵੇਚਣ ਲਈ ਕਾਲ ਕਰੋ।
MANPREET DIDDEN
PERSONAL REAL ESTATE CORPORATION
Sutton WestCoast Realty
604-773-7870
Top 10% Realtor Of Fraser Valley Board
info@manpreetdidden.com
www.manpreetdidden.com

ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰ੍ਹਿਆਂ ਤੋਂ ਵੱਧ ਦਾ ਤਜ਼ਰਬਾ
ਮੁਫਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੋਇੰਟਮੈਂਟ
ARVINDER S. KALSEY AVINEET S. KALSEY
- ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
- ਅਸੀਂ ਤੁਹਾਡਾ ਅੱਧੇ ਤੋਂ ਜਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions & Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca

BALLOWAL MONEY EXCHANGE
6418-Claytonwood Gate, Surrey
ਇੰਡੀਆ ਨੂੰ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਫੋਨ ਕਰੋ:
5 Hour Service Available
Sher Singh Grewal
778-723-6900

A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆਂ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119 -12888 - 80th Ave., Surrey PH: 604-598-2222
32088 Cedar Lane, Abbotsford PH: 604-615-2222

Keep Smiling Denture Clinic
- Complete Denture
- Implant Denture
- Partial Denture
- Reline, Rebase
- Emergency Repair
- Mouth / Night Guard
Open Seven Days | Care Home Mobile Service
New Location Opening In Abbotsford Next Month
Gagan Chahal R.D.
Registered Denturist
Office: 778-600.0811, Gagan@DenturistBC.com
Address : 13117, 67A Ave, Surrey, BC

Bank Turndown? Could be just what you need!
Quick Private Funds
- $10,000 to $1 Million in just 24 Hours
- Up to $5 Million Available
Call today to get started
SANJEEV KATYAL
604.767.5194
info@katyalmortgage.ca
invis
WWW.KATYALMORTGAGE.CA

Punjab Insurance Inc
LIFE INSURANCE
ਸੀਨੀਅਰ ਨਾਗਰਿਕ ਆਪਣੀ $100000 ਦੀ ਲਾਈਫ ਇੰਸ਼ੋਰੈਂਸ ਲਈ ਕਾੱਲ ਕਰੋ
Harpreet Rana
416-871-3571
www.harpreetrana.com

MORTGAGE SPECIALIST!
Residential Construction, Commercial and Private Mortgages
- Pre - Approval available in 24 Hours
- rate hold - 120 days
- Bad credit also welcome
AMANDEEP DUGGAL
MORTGAGE BROKER
A Better Way
604-368 -2030
604-227-9694
# 102-6321 King George Blvd, Surrey

TRANSource FREIGHTWAYS
*First Time
Pin to Pin
(ਯਾਰਡ ਤੋਂ ਯਾਰਡ)
ਕੰਮ ਲਈ Drivers & Owner Operators ਚਾਹੀਦੇ ਹਨ
ਬੀ ਸੀ ਤੋਂ ਅਲਬਰਟਾ ਅਤੇ ਅਲਬਰਟਾ ਤੋਂ ਬੀ ਸੀ
SUKHBIR SINGH
604.525.0527 Ext. 112

ਪ੍ਰਦੇਸੀ
Pardesi
SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey

ਜ਼ੋਰਾਵਰ ਕੰਸਟਰਕਸ਼ਨ ਲਿਮ.
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤੱਸਲੀਬਖਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਉ
Lakhvir Singh Grewal: 778-881-0002

S T & A Simpson, Thomas & Associates
TRIAL LAWYERS

"Simpson, Thomas & Associates are a legal dream team. No other law firm could have fought this claim as it takes a lot of resources to fight a case of this nature."
– Former client commenting on the Jago wedding tragedy

# B.C.'s Pioneering Law Firm for Motor Vehicle and Personal Injury Cases

For over 50 years Simpson, Thomas & Associates (formerly Simpson & Company) have been advocates for personal injury victims seeking justice.

A+ Rated BBB ACCREDITED BUSINESS

"Many thanks to you and your team. Because of your assistance, we felt less stress and were able to focus on my father while you took care of the rest. Each time you attended our residence you left us feeling relieved."
– B.Sekhon

**Our history of successfully settling personal injury claims has garnered respect from our clients, and within the legal and rehabilitation communities in B.C.**

- Brain Injury
- Paraplegia
- Quadriplegia
- Spinal Cord Injury

**Translation Services Available**
STA has support staff fluent in Punjabi, Hindi and Gujarati.

**Your Needs Come First**
If mobility is a challenge, we can come to you.



Adam Ueland
LAWYER

**Call Simpson, Thomas & Associates at 604-229-6448 to request a free initial legal consultation or fill out our online form on simpsonthomas.com**

"We have offices in Vancouver and Surrey/Delta."

Caring. Compassionate. Community-Focussed.

**ACCOUNTANT**
axioaccounting.com
Personal & Corporate Tax Filing and other related services.
ਹਰ ਤਰ੍ਹਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXiO Accounting + Tax
LAKHJIT S. SARANG
604-613-9100

PUNJAB LINK
# ਪੰਜਾਬ ਲਿੰਕ
WEEKLY NEWSPAPER VOL. : 11 ISSUE : 09 SATURDAY, 4 MARCH, 2023
www.punjablinkpaper.com 604-503-5465

ਰੇਡੀਓ ਹੁਣ ਤੁਹਾਡੇ ਫੋਨ ਵਿੱਚ
Radio Punjab
24 HOUR ONLINE RADIO
App Store
Google play
ਤ੍ਰਿੰਨ ਰੰਗ
7pm to 10pm
B.C. Time
Every Weekend
Amarjit Singh
Studio: 5775-176 St., Surrey BC V3S 4E1
Ph: 604-345-3510
www.radiopunjab.com

## ਸੁਪਰੀਮ ਕੋਰਟ ਵਲੋਂ ਬਲਵੰਤ ਸਿੰਘ ਰਾਜੋਆਣਾ ਦੀ ਮੌਤ ਦੀ ਸਜਾ ਉਮਰ ਕੈਦ ਵਿਚ ਤਬਦੀਲ ਕਰਨ ਸੰਬੰਧੀ .ਫ਼ੈਸਲਾ ਰਾਖਵਾਂ



ਨਵੀਂ ਦਿੱਲੀ (ਦਿਓਲ)-ਸੁਪਰੀਮ ਕੋਰਟ ਨੇ ਬਲਵੰਤ ਸਿੰਘ ਰਾਜੋਆਣਾ ਵੱਲੋਂ ਆਪਣੀ ਮੌਤ ਦੀ ਸਜ਼ਾ ਉਮਰ ਕੈਦ ਵਿੱਚ ਬਦਲਣ ਲਈ ਦਾਇਰ ਕੀਤੀ ਗਈ ਅਰਜ਼ੀ 'ਤੇ ਫ਼ੈਸਲਾ ਰਾਖਵਾਂ ਰੱਖ ਲਿਆ ਹੈ। ਜ਼ਿਕਰਯੋਗ ਹੈ ਕਿ ਰਾਜੋਆਣਾ ਸੰਨ 2005 ਵਿੱਚ ਪੰਜਾਬ ਦੇ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਕਰਨ ਦੇ ਦੋਸ਼ ਹੇਠ ਮੌਤ ਦਾ ਸਜ਼ਾ ਭੁਗਤ ਰਿਹਾ ਹੈ। ਜਸਟਿਸ ਬੀ ਆਰ ਗਵੱਈ, ਵਿਕਰਮ ਨਾਥ ਅਤੇ ਸੰਜੈ ਕੈਰੋਲ 'ਤੇ ਆਧਾਰਿਤ ਬੈਂਚ ਨੇ ਦੋਸ਼ੀ ਵੱਲੋਂ ਅਦਾਲਤ ਵਿੱਚ ਪੇਸ਼ ਹੋਏ ਸੀਨੀਅਰ ਐਡਵੋਕੇਟ ਮੁਕੁਲ ਰੋਹਤਗੀ ਅਤੇ ਕੇਂਦਰ ਵੱਲੋਂ ਪੇਸ਼ ਹੋਏ ਐਡੀਸ਼ਨਲ ਸੋਲੀਸਿਟਰ ਜਨਰਲ ਕੇ ਐਮ ਨਟਰਾਜ ਦੀਆਂ ਅਰਜ਼ੀਆਂ 'ਤੇ ਸੁਣਵਾਈ ਕੀਤੀ। ਇਸ ਮਗਰੋਂ ਉਨ੍ਹਾਂ ਆਪਣਾ ਫੈਸਲਾ ਰਾਖਵਾਂ ਰੱਖ ਲਿਆ। ਜ਼ਿਕਰਯੋਗ ਹੈ ਕਿ ਪਿਛਲੇ 26 ਵਰ੍ਹਿਆਂ ਤੋਂ ਰਾਜੋਆਣਾ ਜੇਲ੍ਹ ਵਿੱਚ ਕੈਦ ਹੈ। ਐਡਵੋਕੇਟ ਰੋਹਤਗੀ ਨੇ ਕਿਹਾ ਕਿ ਰਾਜੋਆਣਾ ਦੀ ਰਹਿਮ ਦੀ ਅਪੀਲ ਨੂੰ ਲੰਬੇ ਸਮੇਂ ਤੱਕ ਲਟਕਾ ਕੇ ਉਸ ਦੀ ਮੌਤ ਦੀ ਸਜ਼ਾ ਬਰਕਰਾਰ ਰੱਖਣਾ ਉਸ ਦੇ ਮੌਲਿਕ ਅਧਿਕਾਰ ਦੀ ਉਲੰਘਣਾ ਹੈ। ਜ਼ਿਕਰਯੋਗ ਹੈ ਕਿ ਦਹਾਕੇ ਤੋਂ ਉਸ ਦੀ ਰਹਿਮ ਦੀ ਅਪੀਲ ਸਰਕਾਰ ਕੋਲ ਪੈਂਡਿੰਗ ਪਈ ਹੈ। ਸਿਖਰਲੀ ਅਦਾਲਤ ਨੇ ਪਿਛਲੇ ਸਾਲ 11 ਅਕਤੂਬਰ ਨੂੰ ਕਿਹਾ ਸੀ ਕਿ ਰਾਜੋਆਣਾ ਦੀ ਅਪੀਲ 'ਤੇ ਤਿੰਨ ਜੱਜਾਂ ਵੱਲੋਂ ਸੁਣਵਾਈ ਕੀਤੀ ਜਾਵੇਗੀ। *(ਬਾਕੀ ਸਫ਼ਾ 8 'ਤੇ)*

# ਤ੍ਰਿਪੁਰਾ ਅਤੇ ਨਾਗਾਲੈਂਡ ਵਿਚ ਭਾਜਪਾ ਗੱਠਜੋੜ ਦੀਆਂ ਮੁੜ ਸਰਕਾਰਾਂ ਬਣੀਆਂ

## ਮੇਘਾਲਿਆ ਵਿਚ ਐਨ.ਪੀ.ਪੀ. ਸਭ ਤੋਂ ਵੱਡੀ ਪਾਰਟੀ ਵਜੋਂ ਉਭਰੀ

ਅਗਰਤਲਾ-ਉੱਤਰ-ਪੂਰਬ ਦੇ ਦੋ ਸੂਬਿਆਂ ਤ੍ਰਿਪੁਰਾ ਅਤੇ ਨਾਗਾਲੈਂਡ 'ਚ ਭਾਜਪਾ ਗੱਠਜੋੜ ਮੁੜ ਸਰਕਾਰ ਬਣਾਉਣ 'ਚ ਕਾਮਯਾਬ ਰਿਹਾ ਹੈ। ਮੇਘਾਲਿਆ 'ਚ ਐੱਨਪੀਪੀ 26 ਸੀਟਾਂ ਜਿੱਤ ਕੇ ਸਭ ਤੋਂ ਵੱਡੀ ਪਾਰਟੀ ਵਜੋਂ ਉੱਭਰੀ ਹੈ ਪਰ ਉਹ ਸਰਕਾਰ ਬਣਾਉਣ ਦੇ ਅੰਕੜੇ ਤੋਂ ਪੰਜ ਸੀਟਾਂ ਦੂਰ ਰਹੀ। ਭਾਜਪਾ ਨੇ ਕੋਨਰਾਡ ਕੇ ਸੰਗਮਾ ਦੀ ਅਗਵਾਈ ਹੇਠਲੀ ਨੈਸ਼ਨਲ ਪੀਪਲਜ਼ ਪਾਰਟੀ ਨੂੰ ਹਮਾਇਤ ਦੇਣ ਦਾ ਫ਼ੈਸਲਾ ਲਿਆ ਹੈ। ਉੱਤਰ-ਪੂਰਬੀ ਸੂਬਿਆਂ 'ਚ ਭਾਜਪਾ ਦੀ ਜਿੱਤ ਨਾਲ ਪਾਰਟੀ ਨੂੰ ਆਉਂਦੇ ਸਮੇਂ 'ਚ ਹੋਰ ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ 'ਚ ਜਿੱਤ ਲਈ ਹੱਲਾਸ਼ੇਰੀ ਮਿਲੇਗੀ। ਉਧਰ ਕਾਂਗਰਸ ਨੂੰ ਇਨ੍ਹਾਂ ਸੂਬਿਆਂ 'ਚ ਮਿਲੀ ਹਾਰ ਤੋਂ ਝਟਕਾ ਲੱਗਾ ਹੈ ਕਿਉਂਕਿ ਉਸ ਨੂੰ ਆਸ ਸੀ ਕਿ ਰਾਹੁਲ ਗਾਂਧੀ ਦੀ ਭਾਰਤ ਜੋੜੋ ਯਾਤਰਾ ਨੂੰ ਮਿਲੇ ਭਰਵੇਂ ਹੁੰਗਾਰੇ ਅਤੇ ਮਲਿਕਾਰਜੁਨ ਖੜਗੇ ਨੂੰ ਪਾਰਟੀ ਦਾ ਨਵਾਂ ਪ੍ਰਧਾਨ ਬਣਾਏ ਜਾਣ ਦਾ ਅਸਰ ਉੱਤਰ-ਪੂਰਬੀ ਸੂਬਿਆਂ ਦੀਆਂ ਚੋਣਾਂ 'ਚ ਦੇਖਣ ਨੂੰ ਮਿਲੇਗਾ ਪਰ ਇਜ ਨਹੀਂ ਹੋ ਸਕਿਆ। ਤ੍ਰਿਪੁਰਾ 'ਚ ਭਾਜਪਾ-ਆਈਪੀਐੱਫਟੀ ਗੱਠਜੋੜ ਕੁੱਲ 60 'ਚੋਂ 33 ਸੀਟਾਂ ਜਿੱਤ ਕੇ ਮੁੜ ਸੱਤਾ 'ਚ ਆਇਆ ਹੈ। ਨਵੀਂ ਬਣੀ ਪਾਰਟੀ ਟਿਪਰਾ ਮੋਥਾ ਨੇ 13, ਖੱਬੇ ਪੱਖੀ-ਕਾਂਗਰਸ ਗੱਠਜੋੜ ਨੇ 14 ਸੀਟਾਂ ਜਿੱਤੀਆਂ



ਹਨ। ਤ੍ਰਿਣਮੂਲ ਕਾਂਗਰਸ ਨੇ 28 ਸੀਟਾਂ 'ਤੇ ਚੋਣ ਲੜੀ ਸੀ ਪਰ ਉਹ ਖਾਤਾ ਖੋਲ੍ਹਣ 'ਚ ਨਾਕਾਮ ਰਹੀ। ਉਸ ਦਾ ਵੋਟ ਸ਼ੇਅਰ 0.88 ਫ਼ੀਸਦ ਸੀ ਜੋ ਨੋਟਾ ਨਾਲੋਂ ਵੀ ਘੱਟ ਰਿਹਾ। ਭਾਜਪਾ ਅਤੇ ਇੰਡੀਜੀਨਸ ਪੀਪਲਜ਼ ਫਰੰਟ ਆਫ਼ ਤ੍ਰਿਪਰਾ ਦਾ ਗੱਠਜੋੜ ਲਗਾਤਾਰ ਦੂਜੀ ਵਾਰ ਸੱਤਾ ਹਾਸਲ ਕਰਨ *(ਬਾਕੀ ਸਫ਼ਾ 10 'ਤੇ)*

GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

WE NOW OFFER OVER 40 PROGRAMS
StudentAidBC
EDUCATION ASSISTANT $8000 WAGES:$24-$28 PER HOUR
HEALTH CARE ASSISTANT $5250 WAGES:$17-$26.50 PER HOUR
PHARMACY ASSISTANT $5500 WAGES:$19.61-$27.30 PER HOUR
CERTIFIED DENTAL ASSISTANT $14,000 WAGES:$26-$30 PER HOUR
ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey Unit 201-8318 120 St.
Abbotsford Unit 201-3670 Townline Rd.
South Surrey Unit 204-15850 24 Ave

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੈਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਉਂਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਈਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਉਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries
Payal Business Centre 80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਤਿੰਨ ਸਾਲਾਂ ਪਿੱਛੋਂ ਸਰੀ ਦੀ ਵਿਸਾਖੀ ਪਰੇਡ ਵਿਚ ਵੱਡੀ ਗਿਣਤੀ ਵਿਚ ਲੋਕਾਂ ਦੇ ਸ਼ਾਮਿਲ ਹੋਣ ਦੀ ਆਸ

ਸਰੀ-ਕੋਵਿਡ-19 ਮਹਾਂਮਾਰੀ ਕਾਰਨ ਤਿੰਨ ਸਾਲ ਪਿੱਛੋਂ ਇਸ ਸਾਲ ਅਪ੍ਰੈਲ ਵਿਚ ਵਿਸਾਖੀ ਪਰੇਡ 'ਤੇ ਵੱਡੀ ਗਿਣਤੀ ਵਿਚ ਲੋਕਾਂ ਦੇ ਸ਼ਾਮਿਲ ਹੋਣ ਦੀ ਆਸ ਹੈ। ਕੋਵਿਡ ਕਾਰਨ 2020,2021 ਅਤੇ 2022 ਵਿਚ ਨਿਊਟਨ ਵਿਚ ਵੱਡੇ ਸਮਾਗਮ ਨਹੀਂ ਸਨ ਹੋ ਸਕੇ। ਸਰੀ ਦੀ ਵਿਸਾਖੀ ਪਰੇਡ ਲਈ ਬਸੰਤ ਸਮੇਂ ਦੀ ਤਾਰੀਕ ਦੀ ਪੁਸ਼ਟੀ ਹੋ ਗਈ ਹੈ ਅਤੇ ਕੋਵਿਡ-19 ਮਹਾਂਮਾਰੀ ਕਾਰਨ ਤਿੰਨ ਸਾਲਾਂ ਦੀ ਗੈਰਹਾਜ਼ਰੀ ਪਿੱਛੋਂ ਵੱਡੇ ਸਮਾਗਮ ਦੀ ਵਾਪਸੀ ਲਈ ਹੁਣ ਯੋਜਨਾਬੰਦੀ ਚੱਲ ਰਹੀ ਹੈ। ਗੁਰਦੁਆਰਾ ਸਾਹਿਬ ਦਸ਼ਮੇਸ਼ ਦਰਬਾਰ ਦੇ ਪ੍ਰਬੰਧਕਾਂ ਨੇ ਦੱਸਿਆ ਕਿ 2023 ਦੀ ਖਾਲਸਾ ਡੇਅ ਪਰੇਡ 22 ਅਪ੍ਰੈਲ ਸਨਿਚਰਵਾਰ ਨੂੰ ਹੋਵੇਗੀ। ਵਿਸਾਖੀ ਦਿਵਸ ਪਰੇਡ ਲਈ ਨਿਊਟਨ ਇਲਾਕੇ ਵਿਚ ਲਗਪਗ ਪੰਜ ਲੱਖ ਲੋਕ ਪਹੁੰਚਦੇ ਹਨ। ਪਰੇਡ ਦੇ ਰਸਤੇ ਵਿਚ ਕਾਰੋਬਾਰੀਆਂ ਤੇ ਪਰਿਵਾਰਾਂ ਵਲੋਂ ਲੰਗਰ ਦਾ ਥਾਂ-ਥਾਂ ਪ੍ਰਬੰਧ ਕੀਤਾ ਜਾਂਦਾ ਹੈ। ਗੁਰਦੁਆਰੇ ਦੇ ਪ੍ਰਧਾਨ ਗੁਰਦੀਪ ਸਿੰਘ ਸਮਰਾ ਨੇ ਦੱਸਿਆ ਕਿ 2020, 2021 ਅਤੇ 2022 ਵਿਚ ਪਰੇਡ ਰੱਦ ਹੋਣ ਪਿੱਛੋਂ ਇਸ ਸਾਲ ਵੱਡੀ ਭੀੜ ਜੁਟਣ ਦੀ ਆਸ ਹੈ। ,ਸਰੀ ਵਿਸਾਖੀ ਪਰੇਡ ਡਾਟ ਕਾਮ 'ਤੇ ਪਾਈ ਰਿਲੀਜ਼ ਵਿਚ ਸਮਰਾ ਨੇ ਕਿਹਾ ਕਿ ਸਾਨੂੰ ਪਤਾ ਹੈ ਕਿ ਬੀਸੀ ਵਿਚ ਸਥਾਨਕ ਭਾਈਚਾਰੇ ਤੋਂ ਇਲਾਵਾ ਦੂਸਰੇ ਮਹਿਮਾਨ ਜਿਹੜੇ ਅਮਰੀਕਾ, ਯੂਰਬ ਤੇ ਆਸਟਰੇਲੀਆ ਤੋਂ ਪਹੁੰਚਦੇ ਹਨ ਇਹ ਸੁਣ ਕੇ ਖੁਸ਼ ਹੋਣਗੇ ਕਿ 2023 ਸਰੀ ਖਾਲਸਾ ਡੇਅ ਵਿਸਾਖੀ ਪਰੇਡ ਨਿਸ਼ਚਤ ਰੂਪ ਵਿਚ ਹੋਵੇਗੀ।


TPSG
IMMIGRATION CONSULTANCY INC.
STUDY & WORK IN CANADA
We Provide All Kinds Of Immigration Services
• LMIA • PNP
• Express Entry
• Student Visa
• Study Permit
• Work Permit
• Visitor Visa
• Family Sponsorship
• Super Visa
• Permanent Resident
• Citizenship
MOVED TO NEW LOCATION
• ਐਲ.ਐਮ ਆਈ ਏ
• ਪੀ.ਐਨ.ਪੀ
• ਐਕਸਪ੍ਰੈਸ ਐਂਟਰੀ
• ਫੈਮਲੀ ਸਪਾਂਸਰਸ਼ਿਪ
• ਵਿਜ਼ਟਰ ਵੀਜ਼ਾ
• ਸੱਟਡੀ ਪਰਮਿਟ
• ਵਰਕ ਪਰਮਿਟ
• ਸੁਪਰ ਵੀਜ਼ਾ
• ਪੀ.ਆਰ
• ਸਿਟੀਜ਼ਨਸ਼ਿਪ
ਸਟਾਰਟਅੱਪ ਵੀਜ਼ਾ ਪ੍ਰੋਗਰਾਮ (ਬਿਜ਼ਨਸ)
Office: 778-590-5906
Email: tpsgimmigration@telus.net
Website: www.tpsgimmigration.com
8132 130 St., Surrey BC, V3W 8J9
Meet the best in our team of specialist and let help you get to where you want to go.
TEJINDER GREWAL: 604-837-3101
License No. 562




## ਸਰਦਾਰ ਮਨਜੀਤ ਸਿੰਘ ਜੌਹਲ ਦਾ ਅੰਤਿਮ ਸੰਸਕਾਰ 6 ਮਾਰਚ ਨੂੰ



ਸਰੀ-ਆਪ ਜੀ ਨੂੰ ਬੜੇ ਦੁਖੀ ਮਨ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੇ ਸਤਿਕਾਰਯੋਗ ਸ. ਮਨਜੀਤ ਸਿੰਘ ਜੌਹਲ, ਜਿਨ੍ਹਾਂ ਦਾ ਪਿਛਲਾ ਪਿੰਡ ਪੰਜਗਰਾਈਆਂ ਹੈ ਅਤੇ ਉਹ 1978 ਵਿਚ ਕੈਨੇਡਾ ਵਿਚ ਪ੍ਰਵਾਸ ਤੋਂ ਪਹਿਲਾਂ ਸਾਇੰਸ ਟੀਚਰ, ਸ਼ੌਕੀਆ ਕ੍ਰਿਕਟ ਖਿਡਾਰੀ ਤੇ ਖੇਡ ਪ੍ਰੇਮੀ ਸਨ। ਬੀਤੀ 28 ਫਰਵਰੀ 2023 ਨੂੰ ਪ੍ਰਮਾਤਮਾ ਵੱਲੋਂ ਬਖਸ਼ੀ ਸਵਾਸਾਂ ਦੀ ਪੂੰਜੀ ਭੋਗਦੇ ਹੋਏ ਗੁਰੂ ਚਰਨਾਂ ਵਿਚ ਜਾ ਵਿਰਾਜੇ ਹਨ। ਉਨ੍ਹਾਂ ਦਾ ਅੰਤਿਮ ਸੰਸਕਾਰ 6 ਮਾਰਚ ਨੂੰ ਬਾਅਦ ਦੁਪਹਿਰ 2 ਵਜੇ ਵੈਲੀ ਵਿਊ ਫਿਊਨਰਲ ਹੋਮ ਡਬਲਯੂ. ਟੀ. ੧੪੬੪੪, ੭੨ ਐਵੇਨਿਊ ਸਰੀ ਵਿਖੇ ਹੋਵੇਗਾ। ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਪਾਠ ਦਾ ਭੋਗ ਤੇ ਅੰਤਿਮ ਅਰਦਾਸ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ 68 ਐਵੇਨਿਊ, 152 ਸਟਰੀਟ ਵਿਖੇ ਸ਼ਾਮੀਂ 4 ਵਜੇ ਹੋਵੇਗੀ।

## ਕੈਨੇਡਾ ਯੂਕਰੇਨ ਨੂੰ ਚਾਰ ਹੋਰ ਟੈਂਕ ਭੇਜੇਗਾ

ਓਟਵਾ-ਕੈਨੇਡਾ ਯੂਕਰੇਨ ਨੂੰ ਹੋਰ ਸੈਨਿਕ ਸਹਾਇਤਾ ਭੇਜ ਰਿਹਾ ਹੈ ਅਤੇ ਰੂਸੀ ਅਧਿਕਾਰੀਆਂ 'ਤੇ ਨਵੀਆਂ ਪਾਬੰਦੀਆਂ ਲਗਾ ਰਿਹਾ ਹੈ ਜਦਕਿ ਜਸਟਿਨ ਟਰੂਡੋ ਨੇ ਮਾਸਕੋ ਦੇ ਹਮਲੇ ਦੀ ਪਹਿਲੀ ਵਰ੍ਹੇਗੰਢ 'ਤੇ ਰਾਸ਼ਟਰਪਤੀ ਦੀਆਂ ਗੈਰਕਾਨੂੰਨੀ ਕਾਰਵਾਈਆਂ ਲਈ ਵਲਾਦੀਮੀਰ ਪੁਤਿਨ ਨੂੰ ਨਿਸ਼ਾਨੇ 'ਤੇ ਲਿਆ ਹੈ। ਟੋਰਾਂਟੋ ਵਿਚ ਫੋਰਟ ਯਾਰਕ ਆਰਮਰੀ ਵਿਖੇ ਪ੍ਰਧਾਨ ਮੰਤਰੀ ਨੇ ਰੱਖਿਆ ਮੰਤਰੀ ਅਨੀਤਾ ਆਨੰਦ ਦੇ ਨਾਲ ਹੋਰ ਸੈਨਿਕ ਸਹਾਇਤਾ ਭੇਜਣ ਅਤੇ ਤਾਜ਼ਾ ਪਾਬੰਦੀਆਂ ਦਾ ਐਲਾਨ ਕੀਤਾ। ਟਰੂਡੋ ਨੇ ਕਿਹਾ ਕਿ ਵਲਾਦੀਮੀਰ ਪੁਤਿਨ ਨੇ ਜਦੋਂ ਹਮਲਾਵਰ ਜੰਗ ਸ਼ੁਰੂ ਕੀਤੀ ਤਾਂ ਉਨ੍ਹਾਂ ਨੇ ਬਹੁਤ ਗਲਤ ਗਣਨਾ ਕੀਤੀ ਸੀ। ਉਸ ਨੇ ਯੂਕਰੇਨੇਨੀਆਂ ਨੂੰ ਤੁਛ ਸਮਝਿਆ ਅਤੇ ਉਨ੍ਹਾਂ ਨੇ ਦੁਨੀਆਂ ਭਰ ਵਿਚ ਉਨ੍ਹਾਂ ਦੀ ਦੋਸਤਾਂ ਦੇ ਇਕਜੁਟਤਾ ਨੂੰ ਘੱਟ ਸਮਝਿਆ ਸੀ। ਪੁਤਿਨ ਖਤਰਨਾਕ, ਕਾਇਰ ਤੇ ਕਮਜ਼ੋਰ ਹੈ। ਹੁਣ ਤਕ ਕੈਨੇਡਾ ਨੇ ਯੂਕਰੇਨ ਨੂੰ 5 ਅਰਬ ਡਾਲਰ ਦੀ ਸੈਨਿਕ ਅਤੇ ਗੈਰਸੈਨਿਕ ਸਹਾਇਤਾ ਦਿੱਤੀ ਹੈ।


Buying Your Home?
Need a Quick Approval for Pre-Sale of Condo?
Ranked One of The "TOP MORTGAGE BROKERS" in Canada
2022 TOP 75 BROKERS CMP
plus
BONUS*
FREE LEGAL FEE & APPRAISAL
RAJ GILL, AMP
VANCOUVER
Unit 200-6330 Fraser St
@47 Ave & Fraser St
604 564 1000
VERICO
Our Symbol of Care & Service
Superior Mortgage
The Banking Alternative
SHARNJIT GILL, AMP
SURREY
Unit 244 8138 128 St
604 507 1000
www.quickapproval.ca



JJB INSURANCE
Sarban Singh Sidhu
604-507-6866
#1, 13791, 72 AVE, SURREY (NEAR FRUITICANA)
We Are Specialist In Setting Up New Prorate Co, Fleet, Cargo
Autoplan

| Dwelling | Contents | Liability | Annual Premium |
|---|---|---|---|
| 400,000 | 280,000 | 1,000,000 | 395 |
| 500,000 | 350,000 | 1,000,000 | 512 |
| 600,000 | 420,000 | 1,000,000 | 607 |
| 700,000 | 490,000 | 1,000,000 | 702 |

*RATES SUBJECT TO CHANGE WITHOUT ANY NOTICE
HOUSE INSURANCE
UP TO 65% DISCOUNT AVAILABLE
THESE RATES INCLUDE:-
• REPLACEMENT COST ON DWELLING & CONTENTS
• SEWER BACKUP • CLAIM FREE DISCOUNT
• SENIOR / MORTGAGE FREE DISCOUNT
• HOME PROTECTION DISCOUNT
• NEW HOME DISCOUNT • DEDUCTIBLE DISCOUNT
Life • Critical • Disability • RRSP • RESP • Visitor • Super Visa
Ask for Special Rate for
Super Visa Insurance
Money Back upon Visa Declined
• ਪਹਿਲੀ ਵਾਰ ਘਰ ਖ੍ਰੀਦਣ ਵਾਲਿਆਂ ਲਈ ਸਪੈਸ਼ਲ ਰੇਟ
• ਘਰਾਂ, ਕਾਰਾਂ, ਟਰੱਕਾਂ ਦੀ ਇੰਸ਼ੋਰੈਂਸ ਲਈ ਵਧੀਆ ਰੇਟ ਅਤੇ ਮਹੀਨੇਵਾਰ ਪੇਮੈਂਟ ਦੀ ਸਹੂਲਤ
Wawanesa Insurance
Call Us Before You Renew / Buy Any Insurance Lien & Accident Search Available

# ਸੀਬੀਸੀ ਦੇ ਸਾਬਕਾ ਪ੍ਰੋਡਿਊਸਰ ਮਾਈਕਲ ਫਿਨਲੇ ਦੇ ਕਤਲ ਵਿਚ ਇਕ ਵਿਅਕਤੀ ਗ੍ਰਿਫ਼ਤਾਰ

ਟੋਰਾਂਟੋ-ਪੁਲਿਸ ਨੇ ਇਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਹੈ ਜਿਹੜਾ ਸੀਬੀਸੀ ਰੇਡੀਓ ਦੇ ਸਾਬਕਾ ਪ੍ਰੋਡਿਊਸਰ ਮਾਈਕਲ ਫਿਨਲੇ ਦੀ ਮੌਤ ਨਾਲ ਸਬੰਧਤ ਮੈਨਸਲਾਟਰ ਲਈ ਲੋੜੀਂਦਾ ਸੀ। ਪੁਲਿਸ ਨੇ ਦੱਸਿਆ ਕਿ 43 ਸਾਲਾ ਰੋਬਿਨ ਰਾਬਰਟ ਕ੍ਰੋਪੀਅਰਡਵੋਲਫ ਖਿਲਾਫ ਵਾਰੰਟ ਜਾਰੀ ਕੀਤੇ ਜਾਣ ਤੋਂ ਪਿੱਛੋਂ ਉਹ ਪੁਲਿਸ ਕੋਲ ਪੇਸ਼ ਹੋ ਗਿਆ। ਪੁਲਿਸ ਨੇ ਇਕ ਬਿਆਨ ਵਿਚ ਦੱਸਿਆ ਕਿ ਕ੍ਰੋਪੀਅਰਡਵੋਲਫ ਨੇ ਡਾਊਨਟਾਊਨ ਟੋਰਾਂਟੋ ਵਿਚ 52 ਡਵੀਜ਼ਨ ਵਿਖੇ ਆਤਮ



ਸਮਰਪਣ ਕਰ ਦਿੱਤਾ। ਉਸ ਦਾ ਨਾਂਅ ਓਲਡ ਸਿਟੀ ਹਾਲ ਕੋਰਟਹਾਊਸ ਵਿਖੇ ਅਦਾਲਤ ਵਿਚ ਪੇਸ਼ ਹੋਣ ਲਈ ਸੂਚੀਬੱਧ ਕੀਤਾ ਗਿਆ ਹੈ। ਇਸ ਮਹੀਨੇ ਦੇ ਸ਼ੁਰੂ ਵਿਚ ਟੋਰਾਂਟੋ ਪੁਲਿਸ ਨੇ ਐਲਾਨ ਕੀਤਾ ਸੀ ਕਿ ਫਿਨਲੇ 'ਤੇ ਹਮਲੇ ਦੇ ਸਬੰਧ ਵਿਚ ਸ਼ੱਕੀ ਵਜੋਂ ਕ੍ਰੋਪਰੀਅਰਡਵੋਲਫ ਦੀ ਭਾਲ ਕੀਤੀ ਜਾ ਰਹੀ ਸੀ। 24 ਜਨਵਰੀ ਨੂੰ ਜਦੋਂ 73 ਸਾਲਾ ਫਿਨਲੇ ਗਰੋਸਰੀ ਦੀ ਖਰੀਦਦਾਰੀ ਕਰ ਰਿਹਾ ਸੀ ਤਾਂ ਉਹ ਹਮਲੇ ਵਿਚ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਿਆ ਸੀ। ਉਸ ਦੀ ਸੱਟਾਂ ਕਾਰਨ 31 ਜਨਵਰੀ ਨੂੰ ਮੌਤ ਹੋ ਗਈ ਸੀ। ਮੌਤ ਤੋਂ ਪਹਿਲਾਂ ਉਸ ਨੇ ਦੋਸਤਾਂ ਤੇ ਪਰਿਵਾਰ ਨੂੰ ਦੱਸਿਆ ਕਿ ਬਿਨ੍ਹਾਂ ਕਿਸੇ ਕਾਰਨ ਹਮਲਾ ਕੀਤਾ ਗਿਆ ਸੀ।

# ਗ੍ਰੀਨਬਿਲਟ ਨੂੰ ਛੂਹਣ ਤੋਂ ਬਿਨ੍ਹਾਂ ਹੀ 20 ਲੱਖ ਨਵੇਂ ਘਰ ਬਣਾਉਣ ਲਈ ਓਨਟਾਰੀਓ ਕੋਲ ਲੋੜੀਂਦੀ ਜ਼ਮੀਨ-ਰਿਪੋਰਟ

ਟੋਰਾਂਟੋ-ਇਕ ਨਵੀਂ ਰਿਸਰਚ ਰਿਪੋਰਟ ਮੁਤਾਬਿਕ ਓਨਟਾਰੀਓ ਵਲੋਂ ਸੁਰੱਖਿਅਤ ਗਰੀਨਬਿਲਟ ਦੇ ਹਿੱਸਿਆਂ ਨੂੰ ਛੱਡਣ ਦਾ ਫ਼ੈਸਲਾ ਕਰਨ ਅਤੇ ਮਿਊਂਸਪਲਟੀਆਂ ਨੂੰ ਘਰਾਂ ਲਈ ਹੋਰ ਖੇਤੀ ਵਾਲੀ ਜ਼ਮੀਨ ਨਿਰਧਾਰਤ ਕਰਨ ਲਈ ਮਜ਼ਬੂਰ ਕਰਨ ਤੋਂ ਪਹਿਲਾਂ ਹੀ ਸੂਬੇ ਕੋਲ 20 ਲੱਖ ਨਵੇਂ ਘਰ ਬਣਾਉਣ ਲਈ ਪਹਿਲਾਂ ਹੀ ਲੋੜੀਂਦੀ ਜ਼ਮੀਨ ਮੌਜੂਦ ਹੈ ਜਿਹੜੀ ਕਿ ਅਗਲੇ ਦਹਾਕੇ ਵਿਚ 15 ਲੱਖ ਘਰ ਬਣਾਉਣ ਦੇ ਟੀਚੇ ਤੋਂ ਵੱਧ ਹੈ। ਇਹ ਗਿਣਤੀ ਸਥਾਨਕ ਸਰਕਾਰਾਂ ਦੇ ਸਰਕਾਰੀ ਅੰਕੜਿਆਂ 'ਤੇ ਆਧਾਰਤ ਹੈ ਜਿਹੜੇ ਕਮਿਊਨਿਟੀ ਪਲੈਨਿੰਗ ਦੇ ਸਾਬਕਾ ਵਾਟਰਲੂ ਡਾਇਰੈਕਟਰ ਕੇਵਿਨ ਏਬੀ ਦੀ ਰਿਪੋਰਟ ਵਿਚ ਸ਼ਾਮਿਲ ਹਨ। ਇਹ ਨਤੀਜੇ ਦੂਸਰੇ ਮਾਹਿਰਾਂ ਦੇ ਪਿਛਲੇ ਨਤੀਜਿਆਂ ਨਾਲ ਮੇਲ ਖਾਂਦੇ ਹਨ ਜਿਨ੍ਹਾਂ ਵਿਚ ਸਰਕਾਰ ਦੇ ਆਪਣੇ ਇੰਡਸਟਰੀ ਦੀ ਅਗਵਾਈ ਵਾਲੀ ਹਾਊਸਿੰਗ ਟਾਸਕ ਫੋਰਸ ਸ਼ਾਮਿਲ ਹੈ ਜਿਸ ਨੇ ਕਿਹਾ ਕਿ ਸੂਬੇ ਕੋਲ ਨਵੇਂ ਮਕਾਨਾਂ ਲਈ ਜ਼ਮੀਨ ਦੀ ਘਾਟ ਨਹੀਂ। ਸੋਮਵਾਰ ਨੂੰ ਜਾਰੀ ਕੀਤੀ ਰਿਪੋਰਟ ਪ੍ਰੀਮੀਅਰ ਡੱਗ ਫੋਰਡ ਦੇ ਪਿਛਲੇ ਵਾਅਦਿਆਂ ਨੂੰ ਤੋੜਨ ਅਤੇ ਗ੍ਰੀਨਬਿਲਟ ਦੇ ਹਿੱਸਿਆਂ ਵਿਚ ਵਿਕਾਸ ਦੇ ਇਜਾਜ਼ਤ ਦੇਣ ਦੇ ਫ਼ੈਸਲੇ ਦੇ ਵਿਵਾਦ ਨਾਲ ਜੁੜਦੀ ਹੈ।

# ਕੈਨੇਡੀਅਨ ਸਰਕਾਰ ਦੀ ਮਲਕੀਅਤ ਵਾਲੇ ਸਾਰੇ ਮੋਬਾਈਲ ਉਪਕਰਨਾਂ ਲਈ ਟਿਕ-ਟਾਕ 'ਤੇ ਪਾਬੰਦੀ

ਓਟਵਾ-ਗੋਪਨੀਅਤਾ ਤੇ ਸੁਰੱਖਿਆ ਚਿੰਤਾਵਾਂ ਦੇ ਜਵਾਬ ਵਿਚ ਫੈਡਰਲ ਸਰਕਾਰ ਨੇ ਚੀਨ ਦੀ ਮਾਲਕੀ ਵਾਲੀ ਮੀਡੀਆ ਐਪ ਟਿਕ-ਟਾਕ ਨੂੰ ਸਰਕਾਰ ਵਲੋਂ ਜਾਰੀ ਸਾਰੇ ਮੋਬਾਈਲ ਉਪਕਰਣਾਂ ਤੋਂ 28 ਫਰਵਰੀ ਨੂੰ ਹਟਾ ਦਿੱਤਾ ਹੈ। ਇਸ ਦਾ ਐਲਾਨ ਟਰੱਜ਼ਰੀ ਬੋਰਡ ਦੀ ਪ੍ਰਧਾਨ ਮੋਨਾ ਫੋਰਟੀਅਰ ਨੇ ਕੀਤਾ। ਸਰਕਾਰ ਭਵਿੱਖ ਵਿਚ ਸਰਕਾਰੀ ਉਪਕਰਨਾਂ 'ਤੇ ਐਪ ਨੂੰ ਡਾਊਨਲੋਡ ਕਰਨ ਤੋਂ ਵੀ ਰੋਕੇਗੀ। ਮਿਸ ਫੋਰਟੀਅਰ ਨੇ ਇਕ ਬਿਆਨ ਵਿਚ ਦੱਸਿਆ ਕਿ ਟਿਕ-ਟਾਕ ਦੀ ਸਮੀਖਿਆ ਪਿੱਛੋਂ ਚੀਫ




ਇਨਫਰਮੇਸ਼ਨ ਅਫਸਰ ਆਫ ਕੈਨੇਡਾ ਨੇ ਫ਼ੈਸਲਾ ਕੀਤਾ ਕਿ ਐਪ ਗੋਪਨੀਅਤਾ ਅਤੇ ਸੁਰੱਖਿਆ ਲਈ ਅਸਵੀਕਾਰਯੋਗ ਖ਼ਤਰਾ ਪੇਸ਼ ਕਰਦੀ ਹੈ। ਇਸ ਮਸ਼ਹੂਰ ਐਪ ਦੀ ਵਰਤੋਂ ਛੋਟੀਆਂ ਵੀਡੀਓਜ਼ ਬਣਾਉਣ ਤੇ ਪੋਸਟ ਕਰਨ ਲਈ ਕੀਤੀ ਜਾਂਦੀ ਹੈ ਜਿਸ ਵਿਚ ਅਕਸਰ ਆਕਰਸ਼ਤ ਸੰਗੀਤ ਦੇ ਨਾਲ ਰੁਝਾਨਾਂ 'ਤੇ ਕੇਂਦਰਿਤ ਹੁੰਦੀਆਂ ਹਨ। ਟਰੱਜ਼ਰੀ ਬੋਰਡ ਦੀ ਬੁਲਾਰਨ ਰੇਲਾ ਸਲੇਮ ਨੇ ਇਕ ਬਿਆਨ ਵਿਚ ਕਿਹਾ ਕਿ ਟਿਕ ਟਾਕ ਤੋਂ ਇਲਾਵਾ ਇਸ ਸਮੇਂ ਕੋਈ ਹੋਰ ਸੋਸ਼ਲ ਮੀਡੀਆ ਐਪਸ ਨੂੰ ਰੋਕਿਆ ਨਹੀਂ ਗਿਆ ਭਾਵੇਂ ਸਰਕਾਰ ਕੰਮ ਕਰ ਰਹੇ ਉਪਕਰਨਾਂ 'ਤੇ ਸੋਸ਼ਲ ਮੀਡੀਆ ਐਪਲੀਕੇਸ਼ਨਾਂ ਦੀ ਵਿਆਪਕ ਸਮੀਖਿਆ ਕਰ ਰਹੀ ਹੈ। ਅਮਰੀਕਾ ਵਿਚ ਵੀ ਟਿਕ ਟਾਕ ਦੀ ਤਿੱਖੀ ਜਾਂਚ ਕੀਤੀ ਜਾ ਰਹੀ ਹੈ। ਪਿਛਲੇ ਸਾਲ ਦੇ ਅਖੀਰ ਵਿਚ ਅਮਰੀਕਾ ਸਰਕਾਰ ਨੇ ਫੈਡਰਲ ਸਰਕਾਰ ਦੇ ਸਰਕਾਰੀ ਉਪਕਰਨਾਂ 'ਤੇ ਐਪ 'ਤੇ ਪਾਬੰਦੀ ਲਗਾਉਣ ਦੀ ਪ੍ਰਵਾਨਗੀ ਦਿੱਤੀ ਸੀ। ਐਸੋਸੀਏਟਡ ਪ੍ਰੈਸ ਮੁਤਾਬਿਕ ਅਮਰੀਕਾ ਦੇ ਅੱਧੇ ਤੋਂ ਵੀ ਜ਼ਿਆਦਾ ਸੂਬਿਆਂ ਨੇ ਵੀ ਅਜਿਹੀ ਕਾਰਵਾਈ ਕੀਤੀ ਹੈ।

# ਕੌਣ ਸੁਣੇ ਟਰੇਡਮੈਨਾਂ ਦੀ ਫ਼ਰਿਆਦ !

## ਮਕਾਨ ਮਾਲਕਾਂ ਵੱਲੋਂ ਨਹੀਂ ਦਿੱਤਾ ਜਾ ਰਿਹਾ ਮਿਹਨਤਾਨਾ

ਵੈਨਕੂਵਰ (ਬਰਾੜ-ਭਗਤਾ ਭਾਈ ਕਾ)-ਮਿਹਨਤ ਕਸ਼ ਲੋਕ, ਜਿਹੜੇ ਕੇ ਵੱਖ ਵੱਖ ਕੰਮਾਂ ਨਾਲ ਜੁੜੇ ਹੋਏ ਹਨ, ਅੱਜ ਆਪਣੇ ਮਿਹਨਤਾਨਾ ਨੂੰ ਤਰਸ ਰਹੇ ਹਨ। ਖਾਸ ਕਰਕੇ ਬੀ ਸੀ ਵਿੱਚ ਅੱਜ ਮਹਿੰਗਾਈ ਦੇ ਜੁਗ 'ਚ ਘਰਾਂ ਦੀਆਂ ਕੀਮਤਾਂ ਡਿੱਗਣ 'ਤੇ ਵੀ ਨਵੇਂ ਘਰ ਬਣਨ 'ਚ ਖੜੋਤ ਨਹੀਂ ਆਈ। ਘਰਾਂ ਦੀਆਂ ਕੀਮਤਾਂ ਭਾਵੇਂ ਬਹੁਤ ਹੇਠਾਂ ਡਿੱਗ ਪਈਆਂ ਹਨ ਪਰ ਨਵੇਂ ਘਰ ਬਣਨ ਦੀ ਰਫ਼ਤਾਰ ਲਗਾਤਾਰ ਜਾਰੀ ਹੈ। ਇੱਕ ਘਰ ਨੂੰ ਬਣਾਉਣ ਲਈ ਬਹੁਤ ਸਾਰੇ ਟਰੇਡਮੈਨ ਕੰਮ ਕਰਦੇ ਹਨ ਤਾਂ ਕਿਤੇ ਜਾ ਕੇ ਘਰ ਸਿਰੇ ਚੜ੍ਹਦਾ ਹੈ। ਕਿਹੜੇ ਭਾਈਚਾਰੇ ਦੇ ਉਨ੍ਹਾਂ ਲੋਕਾਂ ਦੀ ਗੱਲ ਕਰਾਂ ਜਿਹੜੇ ਲੋਕ ਕੰਮ ਕਰਵ ਕੇ ਮਿਹਨਤ ਕਸ਼ ਲੋਕਾਂ ਦਾ ਮਿਹਨਤਾਨਾ ਦੇਣ 'ਚ ਆਨਾ ਕਾਨੀ ਕਰਦੇ ਹਨ ਜਾਂ ਫਿਰ ਮਿਹਨਤਾਨਾ ਦੇਣ ਤੋਂ ਮੁਨਕਰ ਹੋ ਰਹੇ ਹਨ। ਬਹੁਤ ਸਾਰੇ ਲੋਕ ਟਰੇਡਮੈਨਾਂ ਤੋਂ ਆਪਣੇ ਘਰਾਂ ਦਾ ਕੰਮ ਕਰਵਾ ਤਾਂ ਲੈਂਦੇ ਹਨ ਪਰ ਉਨ੍ਹਾਂ ਨੂੰ ਉਹਨਾਂ ਦੇ ਕੰਮ ਦੀ ਮਿਹਨਤ ਦੇਣ 'ਚ ਬਹੁਤ ਦੇਰੀ ਕਰ ਦਿੰਦੇ ਹਨ ਜਾਂ ਫਿਰ ਮਿਹਨਤ ਦੇਣ ਲਈ ਲੰਬੇ ਲੰਬੇ ਲਾਰੇ ਲਾਉਣ ਪਿੱਛੋਂ ਆਖਰ ਇੱਕ ਦਿਨ ਦੇਣ ਤੋਂ ਮੁਨਕਰ ਹੀ ਹੋ ਜਾਂਦੇ ਹਨ। ਬਹੁਤ ਸਾਰੇ ਟਰੇਡਮੈਨਾਂ ਤੋਂ ਪਤਾ ਲੱਗਾ ਹੈ ਕਿ ਉਨ੍ਹਾਂ ਨੇ ਕਈ ਨਵੇਂ ਘਰਾਂ ਦਾ ਮਿਹਨਤ ਅਤੇ ਇਮਾਨਦਾਰੀ ਨਾਲ ਕੰਮ ਕੀਤਾ ਹੈ ਪਰ ਮਿਹਨਤ ਦੇਣ ਸਮੇਂ ਉਹੀ ਲਾਰਾ ਲੱਪਾ। ਬਹੁਤ ਸਾਰੇ ਘਰ ਲੀਨ ਦੀ ਲਪੇਟ ਵਿੱਚ ਆਏ ਹੋਏ ਨੇ। ਜੇ ਕਰ ਮਕਾਨ ਦੀ ਵੀ ਗੱਲ ਛੱਡ ਦੇਈਏ ਤਾਂ ਘਰਾਂ ਦੀਆਂ ਨੀਂਹਾਂ ਨਾਲ ਸੰਬੰਧਤ ਵੀ ਬਹੁਤ ਸਾਰੇ ਲੋਕਾਂ ਨੇ ਟਰੇਡਮੈਨਾਂ ਦਾ ਮਿਹਨਤਾਨਾ ਰੋਕਿਆ ਹੋਇਆ ਹੈ। ਕਈ ਲੋਕਾਂ ਨੇ



ਤਾਂ ਘਰਾਂ ਦੀ ਮੁਰੰਮਤ ਕਰਵਾ ਕੇ ਵੀ ਮਿਹਨਤ ਨਹੀਂ ਦਿੱਤੀ। ਮਿਲੀ ਜਾਣਕਾਰੀ ਤੋਂ ਪਤਾ ਲੱਗਾ ਕਿ ਬਹੁਤ ਸਾਰੇ ਲੋਕਾਂ ਨੇ ਨਵੇਂ ਘਰ ਬਣਾ ਕੇ ਵੇਚ ਵੀ ਦਿੱਤੇ ਹਨ ਪਰ ਟਰੇਡਮੈਨਾਂ ਦਾ ਮਿਹਨਤਾਨਾ ਨਹੀਂ ਦਿੱਤਾ ਜੋ ਕਿ ਆਪਣੀ ਮਿਹਨਤ ਲੈਣ ਲਈ ਮਾਲਕਾਂ ਦੇ ਘਰੀਂ ਗੇੜੇ ਮਾਰ ਮਾਰ ਥੱਕ ਚੁੱਕੇ ਹਨ।

# ਸੀਐਸਆਈਐਸ ਨੇ ਪਿਅਰੇ ਐਲੀਅਟ ਟਰੂਡੋ ਫਾਊਂਡੇਸ਼ਨ ਨੂੰ ਚੀਨ ਵਲੋਂ ਦਾਨ ਕਰਨ ਦੀ ਯੋਜਨਾ ਦਾ ਕੀਤਾ ਖੁਲਾਸਾ

ਓਟਵਾ-ਕੌਮੀ ਸੁਰੱਖਿਆ ਸੂਤਰ ਜਿਸ ਨੇ ਕਿਹਾ ਕਿ ਚੀਨ ਪਿਅਰੇ ਐਲੀਅਟ ਟਰੂਡੋ ਫਾਊਂਡੇਸ਼ਨ ਨੂੰ ਕਾਫੀ ਰਕਮ ਦਾਨ ਕਰਨ ਦੀ ਯੋਜਨਾ ਵਿਚ ਸ਼ਾਮਿਲ ਸੀ ਮੁਤਾਬਿਕ 2013 ਵਿਚ ਜਸਟਿਨ ਟਰੂਡੋ ਦੇ ਲਿਬਰਲ ਲੀਡਰ ਬਣਨ ਤੋਂ ਪਹਿਲਾਂ ਟਰੂਡੋ ਨੂੰ ਵਿਦੇਸ਼ੀ ਪ੍ਰਭਾਵ ਆਪਰੇਸ਼ਨ ਲਈ ਨਿਸ਼ਾਨਾ ਬਣਾਇਆ ਲਗਦਾ ਹੈ। ਸੂਤਰ ਨੇ ਦੱਸਿਆ ਕਿ ਕੈਨੇਡੀਅਨ ਸੁਰੱਖਿਆ ਇੰਟੈਲੀਜੈਂਸ ਸਰਵਿਸ ਨੇ 2014 ਵਿਚ ਕੈਨੇਡਾ ਵਿਚ ਚੀਨੀ ਵਣਜ ਦੂਤਾਵਾਸ ਵਿਚ ਇਕ ਬੇਨਾਮੀ ਵਪਾਰਕ ਅਟੈਚੀ ਅਤੇ ਬੀਜਿੰਗ ਵਿਚ ਸਰਕਾਰ ਦੇ ਸਿਆਸੀ ਸਲਾਹਕਾਰ ਤੇ ਵਿਸ਼ਵ ਭਰ ਵਿਚ ਸਰਕਾਰੀ ਪ੍ਰੋਮੋਟਰਾਂ ਦੇ ਚੀਨੀ ਨੈੱਟਵਰਕ ਵਿਚ ਸੀਨੀਅਰ ਅਧਿਕਾਰੀ ਅਰਬਪਤੀ ਝਾਂਗ ਬਿਨ ਵਿਚਕਾਰ ਇਕ ਗੱਲਬਾਤ ਨੂੰ ਸੁਣਿਆਂ ਸੀ। ਉਨ੍ਹਾਂ ਨੇ ਫੈਡਰਲ ਚੋਣਾਂ 'ਤੇ ਚਰਚਾ ਕੀਤੀ ਸੀ ਅਤੇ ਜਿਹੜੀਆਂ 2015 ਵਿਚ ਹੋਣੀਆਂ ਸਨ ਅਤੇ ਇਸ ਗੱਲ ਦੀ ਸੰਭਾਵਨਾ ਸੀ ਕਿ ਲਿਬਰਲਜ਼ ਸਟੀਫਨ ਹਾਰਪਰ ਦੇ ਕੰਸਰਵੇਟਿਵਾਂ ਨੂੰ ਹਰਾ ਕੇ ਅਗਲੀ ਸਰਕਾਰ ਬਣਾ ਲੈਣਗੇ। ਸੂਤਰ ਨੇ ਕਿਹਾ ਕਿ ਕੂਟਨੀਤਕ ਨੇ ਝਾਂਗ ਨੂੰ ਹਦਾਇਤ ਕੀਤੀ ਕਿ ਉਹ ਟਰੂਡੋ ਫਾਊਂਡੇਸ਼ਨ ਨੂੰ 10 ਲੱਖ ਡਾਲਰ ਦੇ ਦੇਵੇ ਅਤੇ ਉਸ ਨੂੰ ਦੱਸਿਆ ਕਿ ਚੀਨੀ ਸਰਕਾਰ ਉਸ ਦੀ ਸਮੁੱਚੀ ਰਕਮ ਮੋੜ ਦੇਵੇਗੀ। ਗਲੋਬ ਐਂਡ ਮੇਲ ਨੇ ਸੂਤਰ ਦੀ ਪਛਾਣ ਨਹੀਂ ਦੱਸੀ ਜਿਸ ਨੂੰ ਸਕਿਊਰਟੀ ਆਫ ਇਨਫਰਮੇਸ਼ਨ ਐਕਟ ਤਹਿਤ ਕੇਸ ਚਲਾਏ ਜਾਣ ਦਾ ਖ਼ਤਰਾ ਹੈ। ਝਾਂਗ ਨੇ ਇਸ ਸਬੰਧੀ ਲਈ ਕੀਤੀ ਬੇਨਤੀ 'ਤੇ ਤੁਰੰਤ ਕੋਈ ਜਵਾਬ ਨਹੀਂ ਦਿੱਤਾ।

# ਖ਼ਬਰਾਂ ਤਕ ਪਹੁੰਚ ਨੂੰ ਰੋਕਣ ਬਦਲੇ ਐਮਪੀਜ਼ ਨੇ ਸੱਦਿਆਂ ਗੂਗਲ ਦਾ ਸੀਈਓ

ਓਟਵਾ-ਗੂਗਲ ਵਲੋਂ ਕੁਝ ਕੈਨੇਡੀਅਨਾਂ ਦੀ ਉਸ ਦੇ ਸਰਚ ਇੰਜਣ ਰਾਹੀਂ ਖ਼ਬਰਾਂ ਤਕ ਪਹੁੰਚ ਨੂੰ ਆਰਜ਼ੀ ਤੌਰ 'ਤੇ ਰੋਕਣ ਦੇ ਫ਼ੈਸਲੇ ਪਿੱਛੋਂ ਗੂਗਲ ਦੇ ਸੀਈਓ ਤੇ ਦੂਸਰੇ ਚੋਟੀ ਦੇ ਐਗਜ਼ੀਕਿਊਟਿਵਜ਼ ਨੂੰ ਸੰਸਦੀ ਕਮੇਟੀ ਸਾਹਮਣੇ ਪੇਸ਼ ਹੋਣ ਲਈ ਸੱਦਿਆ ਜਾ ਰਿਹਾ ਹੈ। ਉਨ੍ਹਾਂ ਵਲੋਂ ਹਾਊਸ ਆਫ ਕਾਮਨਜ਼ ਹੈਰੀਟੇਜ ਕਮੇਟੀ ਦੀ ਮੀਟਿੰਗ ਵਿਖੇ ਬਿਆਨ ਦੇਣ ਦੀ ਸੰਭਾਵਨਾ ਹੈ। ਕਮੇਟੀ ਗੂਗਲ ਦੀ ਖ਼ਬਰਾਂ 'ਤੇ ਪਾਬੰਦੀ ਨਾਲ ਸਬੰਧਤ ਦਸਤਾਵੇਜ਼ਾਂ ਲਈ ਵੀ ਬੇਨਤੀ ਕਰ ਰਹੀ ਹੈ। ਪਿਛਲੇ ਹਫ਼ਤੇ ਗੂਗਲ ਨੇ ਕੈਨੇਡੀਅਨ ਪ੍ਰੈਸ ਕੋਲ ਪੁਸ਼ਟੀ ਕੀਤੀ ਸੀ ਕਿ ਉਹ ਲਿਬਰਲ ਸਰਕਾਰ ਦੇ ਪ੍ਰਸਤਾਵਤ ਆਨਲਾਈਨ ਐਕਟ ਦੇ ਜਵਾਬ ਵਿਚ ਚਾਰ ਫ਼ੀਸਦੀ ਤੋਂ ਵੀ ਘੱਟ ਕੈਨੇਡੀਅਨ ਯੂਜ਼ਰਾਂ ਲਈ ਆਪਣੇ ਸਰਚ ਇੰਜਣ 'ਤੇ ਖ਼ਬਰਾਂ ਤਕ ਪਹੁੰਚ ਨੂੰ ਸੀਮਤ ਕਰਨ ਲਈ ਥੋੜੇ ਸਮੇਂ ਦੀ ਪਰਖ ਕਰ ਰਹੀ ਹੈ। ਬਿੱਲ ਸੀ-18 ਤਹਿਤ ਗੂਗਲ ਵਰਗੀਆਂ ਡਿਜੀਟਲ ਵੱਡੀਆਂ ਕੰਪਨੀਆਂ ਨੂੰ ਕੈਨੇਡਾ ਦੀਆਂ ਮੀਡੀਆ ਕੰਪਨੀਆਂ ਨਾਲ ਉਨ੍ਹਾਂ ਦੀ ਸਮੱਗਰੀ ਨੂੰ ਆਨਲਾਈਨ ਲਿੰਕ ਕਰਨ ਜਾਂ ਫਿਰ ਤੋਂ ਪੇਸ਼ ਕਰਨ ਲਈ ਮੁਆਵਜ਼ਾ ਦੇਣ ਸਬੰਧੀ ਸਮਝੌਤਾ ਕਰਨਾ ਪਵੇਗਾ।

UNI GLOBAL IMMIGRATION
CONSULTING SERVICES LTD.
*Your Dream......Our Passion*
**For All Your Immigration Related Needs**

- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC

We also help employers in hiring temporary foreign workers(TFW). We help employers in each and every step of acquiring Temporary Foreign Workers

rcic·cric

Tel: 604-338-4975
604-507-9962
#12387 - 75 Ave., Surrey BC V3W 2S7
Email: contactuniglobal@gmail.com

HOMELAND MORTGAGE CORP.
ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ

☑ ਪਹਿਲੀ ਵਾਰ ਘਰ ਖਰੀਦਣ ਵਾਲੇ
☑ ਰੈਜੀਡੈਂਸ਼ੀਅਲ ਮੌਰਟਗੇਜ
☑ ਕੰਸਟਰਕਸ਼ਨ ਮੌਰਟਗੇਜ
☑ ਪ੍ਰਾਈਵੇਟ ਮੌਰਟਗੇਜ
☑ ਸੈਕੰਡ ਅਤੇ ਥਰਡ ਮੌਰਟਗੇਜ

- Residential Mortgages
- Construction Mortgage
- Commercial Mortgages
- Farm Financing
- Private Mortgages
- 2nd & 3rd Mortgage

(*Conditionsapply)

Professional & Experienced
MORTGAGE CONSULTANT
Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com



KULDIP S PANESAR
Senior Mortgage Advisor
Cell: 604-308-6839

ਸੰਪਾਦਕੀ

# ਪੰਜਾਬ ਨੂੰ ਮੁੜ ਬਲਦੀ ਦੇ ਬੁੱਥੇ ਦੇਣ ਦੀ ਤਿਆਰੀ...?

**ਸੁਖਵਿੰਦਰ ਸਿੰਘ ਚੋਹਲਾ**

ਪੰਜਾਬ ਦੇ ਪੁਲਿਸ ਥਾਣਾ ਅਜਨਾਲਾ ਵਿਖੇ ਵਾਪਰਿਆ ਘਟਨਾਕ੍ਰਮ ਚਿੰਤਾਜਨਕ ਤੇ ਉਦਾਸ ਕਰ ਦੇਣ ਵਾਲਾ ਹੈ। ਵਾਰਿਸ ਪੰਜਾਬ ਦੇ ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਵਲੋਂ ਆਪਣੇ ਇਕ ਸਾਥੀ ਨੂੰ ਪੁਲਿਸ ਹਿਰਾਸਤ ਚੋਂ ਛੁਡਵਾਉਣ ਲਈ ਜੋ ਢੰਗ ਤਰੀਕਾ ਅਪਣਾਇਆ ਗਿਆ ਤੇ ਪੁਲਿਸ ਵਲੋਂ ਉਸ ਨਾਲ ਨਿਪਟਣ ਲਈ ਜੋ ਕਾਰਵਾਈ ਅਮਲ ਵਿਚ ਲਿਆਂਦੀ ਗਈ, ਉਹ ਹੈਰਾਨੀਜਨਕ ਤੇ ਆਮ ਸ਼ਹਿਰੀਆਂ ਵਿਚ ਡਰ ਤੇ ਭੈਅ ਪੈਦਾ ਕਰਨ ਦੇ ਨਾਲ ਪੰਜਾਬ ਦਾ ਭਲਾ ਚਾਹੁਣ ਵਾਲੇ ਲੋਕਾਂ ਨੂੰ ਪ੍ਰੇਸ਼ਾਨ ਕਰਨ ਵਾਲੀ ਵੀ ਹੈ। ਪਿਛਲੇ ਥੋੜੇ ਸਮੇਂ ਵਿਚ ਸੋਸ਼ਲ ਮੀਡੀਆ ਰਾਹੀਂ ਪੰਜਾਬ ਦੇ ਵੱਡੀ ਗਿਣਤੀ ਵਿਚ ਨੌਜਵਾਨਾਂ ਵਿਚ ਆਪਣੀ ਥਾਂ ਬਣਾਉਣ ਵਾਲੇ 28-29 ਸਾਲ ਦੇ ਨੌਜਵਾਨ ਅੰਮ੍ਰਿਤਪਾਲ ਸਿੰਘ ਵਲੋਂ ਸਿੱਖੀ ਪ੍ਰਚਾਰ, ਨੌਜਵਾਨਾਂ ਨੂੰ ਨਸ਼ਿਆਂ ਤੋ ਬਚਾਉਣ ਦੇ ਨਾਮ ਹੇਠ ਵੱਖਰੇ ਸਿੱਖ ਰਾਜ ਖਾਲਿਸਤਾਨ ਦੀ ਪ੍ਰਾਪਤੀ ਲਈ ਚਲਾਈ ਜਾ ਰਹੀ ਮੁਹਿੰਮ ਬਾਰੇ ਪੱਖ ਤੇ ਵਿਰੋਧ ਵਿਚ ਕਈ ਰਾਵਾਂ ਹੋ ਸਕਦੀਆਂ ਹਨ ਪਰ ਬੀਤੇ ਦਿਨ ਉਸ ਵਲੋਂ ਆਪਣੀ ਜਥੇਬੰਦੀ ਦੇ ਅੰਦਰੂਨੀ ਵਿਵਾਦ ਕਾਰਣ, ਇਕ ਹੋਰ ਸਿੱਖ ਨੌਜਵਾਨ ਨੂੰ ਅਗਵਾ ਕਰਨ ਤੇ ਕੁੱਟਮਾਰ ਦੀ ਸ਼ਿਕਾਇਤ ਉਪਰ ਦਰਜ ਹੋਏ ਕੇਸ ਵਿਚ ਫੜੇ ਗਏ ਆਪਣੇ ਇਕ ਸਾਥੀ ਨੂੰ ਛੁਡਵਾਉਣ ਲਈ ਜਿਵੇਂ ਥਾਣੇ ਵਿਚ ਗੁਰੂ ਗਰੰਥ ਸਾਹਿਬ ਦਾ ਸਰੂਪ ਲਿਜਾਣ ਤੇ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਹੁੱਲੜਬਾਜੀ ਦੇ ਦ੍ਰਿਸ਼ ਸਾਹਮਣੇ ਆਏ ਹਨ, ਉਹ ਇਹ ਸਮਝਣ ਲਈ ਕਾਫੀ ਹਨ ਕਿ ਉਹ ਖੁਦ ਨੂੰ ਗੁਰੂ ਵਾਲੇ ਤੇ ਪੰਜਾਬ ਦੇ ਵਾਰਿਸ ਕਹਾਉਣ ਦੇ ਕਿੰਨੇ ਕੁ ਹੱਕਦਾਰ ਹਨ ? ਪਰ ਇਸ ਦੌਰਾਨ ਪੁਲਿਸ ਪ੍ਰਸਾਸ਼ਨ ਤੇ ਸਰਕਾਰ ਦੀ ਪਹੁੰਚ ਵੀ ਕਈ ਸ਼ੰਕੇ ਖੜੇ ਕਰਨ ਵਾਲੀ ਹੈ। ਮੌਕੇ ਦੇ ਪੁਲਿਸ ਅਧਿਕਾਰੀ ਦਾ ਕਹਿਣਾ ਹੈ ਕਿ ਉਹਨਾਂ ਨੇ ਗੁਰੂ ਗਰੰਥ ਸਾਹਿਬ ਦੀ ਪਾਲਕੀ ਦਾ ਸਤਿਕਾਰ ਕਰਦਿਆਂ ਮਿਸਾਲੀ ਸੰਜਮ ਵਿਖਾਇਆ। ਪੁਲਿਸ ਮੁਲਾਜ਼ਮਾਂ ਨੇ ਆਪਣੇ ਸਿਰ ਪੜਵਾ ਲਏ ਪਰ ਗੁਰੂ ਗਰੰਥ ਸਾਹਿਬ ਦੀ ਮਾਣ ਮਰਿਆਦਾ ਨੂੰ ਆਂਚ ਨਹੀ ਆਉਣ ਦਿੱਤੀ। ਉਹਨਾਂ ਜਥੇਬੰਦੀ ਵਲੋ ਦਿੱਤੇ ਗਏ





ਸਬੂਤਾਂ ਕਿ ਉਹਨਾਂ ਦੇ ਸਾਥੀ ਖਿਲਾਫ ਕੀਤਾ ਗਿਆ ਪਰਚਾ ਗਲਤ ਸੀ,ਮੰਨ ਲਿਆ ਤੇ ਉਸਨੂੰ ਛੱਡ ਦਿੱਤਾ। ਪਰ ਇਸਦੇ ਨਾਲ ਹੀ ਪੁਲਿਸ ਥਾਣੇ ਵਿਚ ਹੁਲੜਬਾਜੀ ਕਰਨ ਵਾਲੇ ਤੇ ਪੁਲਿਸ ਮੁਲਾਜ਼ਮਾਂ ਨੂੰ ਜ਼ਖਮੀ ਕਰਨ ਵਾਲੇ ਹੁਲੜਬਾਜਾਂ ਖਿਲਾਫ ਸਖਤ ਕਾਰਵਾਈ ਦੀ ਚੇਤਾਵਨੀ ਵੀ ਦਿੱਤੀ ਗਈ। ਇਕ ਪਾਸੇ ਅੰਮ੍ਰਿਤਪਾਲ ਸਿੰਘ ਆਪਣੇ ਸਾਥੀ ਨੂੰ ਪੁਲਿਸ ਹਿਰਾਸਤ ਚੋ ਛੁਡਾਉਣ ਉਪਰੰਤ ਜੇਤੂ ਜਲੂਸ ਕੱਢ ਰਿਹਾ ਹੈ ਤਾਂ ਦੂਸਰੇ ਪਾਸੇ ਡੀ ਜੀ ਪੀ ਸਾਹਿਬ ਉਹਨਾਂ ਨੂੰ ਗੁਰੂ ਗਰੰਥ ਸਾਹਿਬ ਦੀ ਆੜ ਵਿਚ ਪੁਲਿਸ ਮੁਲਾਜ਼ਮਾਂ ਦੀ ਕੁਟਮਾਰ ਕਰਨ ਨੂੰ ਬੁਜਦਿਲੀ ਵਾਲੀ ਕਾਰਵਾਈ ਦੱਸ ਰਹੇ ਹਨ। ਉਹ ਇਹ ਵੀ ਕਹਿ ਰਹੇ ਹਨ ਕਿ ਇਸ ਸਾਰੇ ਘਟਨਾਕ੍ਰਮ ਦੀ ਵੀਡੀਓ ਖੰਗਾਲੀ ਜਾ ਰਹੀ ਹੈ, ਕਨੂੰਨ ਨੂੰ ਆਪਣੇ ਹੱਥ ਵਿਚ ਲੈਣ ਵਾਲੇ ਤੇ ਪੁਲਿਸ ਮੁਲਾਜ਼ਮਾਂ ਨੂੰ ਜਖਮੀ ਕਰਨ ਵਾਲੇ ਵਿਅਕਤੀਆਂ ਦੀ ਨਿਸ਼ਾਨਦੇਹੀ ਕਰਕੇ ਉਹਨਾਂ ਖਿਲਾਫ ਸਖਤ ਕਾਰਵਾਈ ਹੋਵੇਗੀ ਭਾਵ ਅੰਮ੍ਰਿਤਪਾਲ ਸਿੰਘ ਦੇ ਇਕ ਸਾਥੀ ਖਿਲਾਫ ਕੇਸ ਵਾਪਿਸ ਲੈਣ ਉਪਰੰਤ ਹੁਣ ਉਸਦੇ ਹੋਰ ਕਈ ਸਾਥੀਆਂ ਖਿਲਾਫ ਕਾਰਵਾਈ ਕੀਤੀ ਜਾਵੇਗੀ। ਅੰਮ੍ਰਿਤਪਾਲ ਸਿੰਘ ਵਲੋਂ ਪੁਲਿਸ ਪ੍ਰਸ਼ਾਸਨ ਨੂੰ ਚੇਤਵਨੀ ਦੇਣ, ਥਾਣੇ ਵਿਚ ਗੁਰੂ ਸਾਹਿਬ ਦਾ ਸਰੂਪ ਲਿਜਾਣ ਤੇ ਪੁਲਿਸ ਵਲੋਂ ਕੇਸ ਵਾਪਿਸ ਲੈਣ ਤੇ ਫਿਰ ਹੁੱਲੜਬਾਜੀ ਕਰਨ ਵਾਲਿਆਂ ਖਿਲਾਫ ਕਾਰਵਾਈ ਦੇ ਸੰਕੇਤ-ਬਹੁਤ ਹੀ ਭੰਬਲਭੂਸੇ ਵਾਲੀ ਸਥਿਤੀ ਬਣਾ ਦਿੱਤੀ ਗਈ ਹੈ। ਇਸ ਭੰਬਲਭੂਸੇ ਵਾਲੀ ਸਥਿਤੀ ਲਈ ਜਿੰਮੇਵਾਰ ਕੌਣ ਹੈ ? ਕੀ ਸਰਕਾਰ ਤੇ ਪੁਲਿਸ ਪ੍ਰਸਾਸ਼ਨ ਵਿਚਾਲੇ ਕੋਈ ਤਾਲਮੇਲ ਦੀ ਘਾਟ ਰਹੀ ਹੈ ਜਾਂ ਅਜਿਹੀ ਸਥਿਤੀ ਜਾਣ ਬੁੱਝਕੇ ਉਤਪੰਨ ਕੀਤੀ ਜਾ ਰਹੀ ਹੈ। ਨੈਸ਼ਨਲ ਮੀਡੀਆ ਇਸ ਘਟਨਾਕ੍ਰਮ ਨੂੰ ਲੈਕੇ ਪੰਜਾਬ ਵਿਚ ਦੂਸਰਾ ਭਿੰਡਰਾਂਵਾਲਾ ਦੀ ਆਮਦ ਤੇ ਅੱਤਵਾਦ ਦੀ ਦਸਤਕ ਦੀਆਂ ਸਨਸਨੀਖੇਜ਼ ਰਿਪੋਰਟਾਂ ਛਾਇਆ ਕਰਨ ਲੱਗਾ ਹੈ। ਪੰਜਾਬ ਦੀ ਭਗਵੰਤ ਮਾਨ ਸਰਕਾਰ ਤੇ ਕੇਂਦਰ ਦੀ ਮੋਦੀ ਸਰਕਾਰ ਵਿਚਾਲੇ ਅਣਬਣ ਤੇ ਦੂਰੀਆਂ ਵੀ ਸਪੱਸ਼ਟ ਤੇ ਪੇਸ਼ ਪੇਸ਼ ਹਨ। ਕੀ ਪਿਛਲੇ ਦਿਨੀਂ ਮੁੱਖ ਮੰਤਰੀ ਭਗਵੰਤ ਮਾਨ ਵਲੋ ਕੇਂਦਰ ਦੇ ਪ੍ਰਤੀਨਿਧ ਰਾਜਪਾਲ ਨੂੰ ਨਜ਼ਰ ਅੰਦਾਜ਼ ਕਰਨ ਤੇ ਰਾਜਪਾਲ ਦੀ ਥਾਂ ਲੋਕਾਂ ਪ੍ਰਤੀ ਆਪਣੀ ਜਵਾਬਦੇਹੀ ਦੱਸੇ ਜਾਣ ਦੀ ਬਿਆਨਬਾਜੀ ਵੀ ਆਪਣੀ ਅਸਰ ਦਿਖਾਉਣ ਲੱਗੀ ਹੈ ? ਸਮੇਂ ਦੀਆਂ ਕੇਂਦਰੀ ਸਰਕਾਰਾਂ ਤੇ ਪੰਜਾਬ ਸਰਕਾਰ ਵਿਚਾਲੇ ਅਣਬਣ ਤੇ ਦੂਰੀਆਂ ਦਾ ਖਮਿਆਜਾ ਪੰਜਾਬ ਤੇ ਪੰਜਾਬ ਦੇ ਲੋਕ ਪਹਿਲਾਂ ਵੀ ਭੁਗਤ ਚੁੱਕੇ ਹਨ।

ਇਸ ਸਿਆਸੀ ਅਣਬਣ ਤੇ ਬੇਈਮਾਨੀ ਕਾਰਣ ਹੀ ਪੰਜਾਬ ਨੇ 1982 ਤੋਂ 1992 ਤੱਕ ਪੂਰਾ ਇਕ ਦਹਾਕਾ ਵੱਡਾ ਸੰਤਾਪ ਭੋਗਿਆ ਸੀ। ਕਿਵੇ ਧਰਮ ਦੇ ਨਾਮ ਉਪਰ ਲੋਕ ਵਰਗਲਾਏ ਗਏ। ਹਜਾਰਾਂ ਨੌਜਵਾਨਾਂ ਨੇ ਧਰਮ ਅਤੇ ਪੰਜਾਬ ਦੇ ਨਾਮ ਤੇ ਆਪਣੀਆਂ ਜਵਾਨੀਆਂ ਕੁਰਬਾਨ ਕਰ ਦਿੱਤੀਆਂ। ਪਰ ਸਿਆਸੀ ਆਗੂ ਆਪਣੇ ਸੌੜੇ ਹਿੱਤਾਂ ਲਈ ਆਪਣੇ ਲੋਕਾਂ ਨਾਲ ਧ੍ਰੋਹ ਕਮਾਉਣ ਤੋ ਜਰਾ ਨਾ ਝਿਜਕੇ। ਸਿਆਸਤ ਦੀ ਗੰਦੀ ਖੇਡ ਕਾਰਣ ਹੀ ਜੂਨ 1984 ਵਿਚ ਸਾਕਾ ਨੀਲਾ ਤਾਰਾ ਵਾਪਰਿਆ। ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਉਪਰੰਤ ਰਾਜਧਾਨੀ ਦਿੱਲੀ ਤੇ ਹੋਰ ਸ਼ਹਿਰਾਂ ਵਿਚ ਸਿੱਖਾਂ ਦਾ ਸਮੂਹਿਕ ਕਤਲੇਆਮ ਹੋਇਆ। ਸਿੱਖਾਂ ਦੀ ਨਸਲਕੁਸ਼ੀ ਕਰਨ ਵਾਲੇ ਦੋਸ਼ੀਆਂ ਨੂੰ ਸਿਆਸੀ ਸਰਪ੍ਰਸਤੀ ਦਿੱਤੀ ਗਈ ਤੇ ਪੀੜਤ ਸਿੱਖ ਪਰਿਵਾਰਾਂ ਨੂੰ ਕੋਈ ਇਨਸਾਫ ਨਾ ਮਿਲਿਆ। ਸਿਆਸੀ ਆਗੂਆਂ ਨੇ ਲੋਕ ਭਾਵਨਾਵਾਂ ਨੂੰ ਦਰਕਿਨਾਰ ਕਰਦਿਆਂ ਸਰਕਾਰਾਂ ਬਣਾਈਆਂ ਤੇ ਲੋਕਾਂ ਦੀਆਂ ਲਾਸ਼ਾਂ ਉਪਰ ਕੁਰਸੀਆਂ ਦੇ ਪਾਵੇ ਟਿਕਾਏ ਤੇ ਸੱਤਾ ਦੇ ਆਨੰਦ ਮਾਣੇ। ਇਸ ਸਬੰਧੀ ਕਈ ਸਾਬਕਾ ਅਧਿਕਾਰੀਆਂ ਤੇ ਸੀਨੀਅਰ ਪੱਤਰਕਾਰਾਂ ਦੀਆਂ ਸਾਜਿਸ਼ ਤੇ ਸੱਚਾਈ ਤੋ ਪਰਦਾ ਉਠਾਉਂਦੀਆਂ ਲਿਖਤਾਂ ਤੇ ਮੀਡੀਆ ਇੰਟਰਵਿਊਜ਼ ਆ ਚੁੱਕੀਆਂ ਹਨ। ਕਿਵੇ ਸਿਆਸਤਦਾਨਾਂ ਨੇ ਧਰਮ ਦੇ ਠੇਕੇਦਾਰਾਂ ਨਾਲ ਮਿਲਕੇ ਲੋਕ ਭਾਵਨਾਵਾਂ ਨੂੰ ਉਤੇਜਿਤ ਕੀਤਾ, ਭਾਵਨਾਵਾਂ ਨਾਲ ਖੇਡੇ ਤੇ ਆਪਣੇ ਰਾਜ ਤੇ ਸੁਖ ਸਾਧਨਾਂ ਦੀਆਂ ਉਮਰਾਂ ਲੰਬੀਆਂ ਕੀਤੀਆਂ। ਬੇਈਮਾਨ ਸਿਆਸਤਦਾਨਾਂ ਦੀ ਨਵੀਂ ਨਸਲ ਵੀ ਸ਼ਾਇਦ ਉਸੇ ਸ਼ਰਮਨਾਕ ਇਤਿਹਾਸ ਨੂੰ ਦੁਹਰਾਉਣ ਦੀ ਰਾਹ ਤੇ ਹੈ। ਪਰ ਇਹ ਯਾਦ ਰੱਖਣ ਦੀ ਵੀ ਲੋੜ ਹੈ ਕਿ ਧਰਮ ਨੂੰ ਰੋਜ਼ੀ-ਰੋਟੀ ਤੋਂ ਅੱਗੇ ਆਪਣੀ ਨਿੱਜੀ ਸਲਤਨਤ ਬਣਾਉਣ ਵਾਲੇ ਆਗੂ ਵੀ ਪੰਜਾਬ ਦੇ ਕਦੇ ਹਿੱਤੂ ਨਹੀ ਹੋ ਸਕਦੇ .






# ਪ੍ਰਾਪਰਟੀ ਟੈਕਸ ਵਿਚ ਵਾਧੇ ਦੇ ਅਸਰ ਨੂੰ ਘਟਾਉਣ ਲਈ ਵਰਤਿਆ ਜਾ ਸਕਦਾ ਇਕ ਅਰਬ ਡਾਲਰ ਦੀ ਗਰਾਂਟ ਦਾ ਹਿੱਸਾ

ਸਰੀ-ਸਰੀ ਦੀ ਮੇਅਰ ਬਰੈਂਡਾ ਲੋਕ ਨੇ ਦੱਸਿਆ ਕਿ ਪ੍ਰੀਮੀਅਰ ਡੇਵਿਡ ਏਬੀ ਵਲੋਂ 10 ਫਰਵਰੀ ਨੂੰ ਐਲਾਨੀ ਗਈ ਇਕ ਅਰਬ ਡਾਲਰ ਦੀ ਕਮਿਊਨਿਟੀ ਬੁਨਿਆਦੀ ਢਾਂਚਾ ਗਰਾਂਟ ਵਿਚੋਂ ਸਰੀ ਦੇ ਹਿੱਸੇ ਨੂੰ ਇਸ ਸਾਲ ਦੇ ਸਰੀ ਦੇ ਕਰ ਦਾਤਾਵਾਂ 'ਤੇ ਪ੍ਰਸਤਾਵਤ 17.5 ਫ਼ੀਸਦੀ ਪ੍ਰਾਪਰਟੀ ਟੈਕਸ ਵਾਧੇ ਦੇ ਅਸਰ ਨੂੰ ਘੱਟ ਕਰਨ ਲਈ ਵਰਤਿਆ ਜਾ ਸਕਦਾ ਹੈ।



ਸੂਬਾ ਗਰਾਂਟ ਵਿਚ ਸਰੀ ਦੇ ਹਿੱਸੇ ਦੀ ਅਜੇ ਪੁਸ਼ਟੀ ਹੋਣੀ ਬਾਕੀ ਹੈ। ਉਨ੍ਹਾਂ ਨਾਉ-ਲੀਡਰ ਨੂੰ ਦੱਸਿਆ ਕਿ ਅਸੀਂ ਆਸ ਨਾਲ ਪ੍ਰੀਮੀਅਰ ਤਕ ਪਹੁੰਚ ਕਰਕੇ ਪੁੱਛਿਆ ਕਿ ਕੀ ਉਹ ਸਾਨੂੰ ਹਿੱਸੇ ਬਾਰੇ ਸੰਕੇਤ ਦੇ ਸਕਦੇ ਹਨ ਕਿਉਂਕਿ ਜੇਕਰ ਸਾਡੇ ਕੋਲ ਜਾਣਕਾਰੀ ਹੋਵੇ ਤਾਂ ਅਸੀਂ ਹੁਣ ਤਬਦੀਲੀਆਂ ਕਰ ਸਕਦੇ ਹਾਂ ਪਰ ਸਾਨੂੰ ਉਨ੍ਹਾਂ ਤੋਂ ਕੋਈ ਜਵਾਬ ਨਹੀਂ ਮਿਲਿਆ। ਉਨ੍ਹਾਂ ਕਿਹਾ ਕਿ ਉਹ ਆਸ ਕਰਦੀ ਹੈ ਕਿ ਸਰੀ ਨੂੰ ਗਰਾਂਟ ਵਿਚੋਂ 6 ਕਰੋੜ ਡਾਲਰ ਤੋਂ ਲੈ ਕੇ 8 ਕਰੋੜ ਡਾਲਰ ਮਿਲਣਗੇ।

# ਕਥਿਤ ਪਸ਼ੂ ਬੇਰਹਿਮੀ ਲਈ ਬੀਸੀ ਬੁੱਚੜਖਾਨੇ ਵਿਰੁੱਧ ਸ਼ਿਕਾਇਤ

ਸਰੀ-ਪਸ਼ੂਆਂ ਨਾਲ ਕਥਿਤ ਬੇਰਹਿਮੀ ਲਈ ਪਸ਼ੂ ਭਲਾਈ ਏਜੰਸੀ ਨੇ ਵੀਡੀਓ ਮਿਲਣ ਪਿੱਛੋਂ ਬੀਸੀ ਦੇ ਪਿਟ ਮੀਡੋਜ਼ ਮੀਟ ਪ੍ਰੋਸੈਸਿੰਗ ਪਲਾਂਟ (ਬੁੱਚੜਖਾਨੇ) ਖਿਲਾਫ ਸ਼ਿਕਾਇਤ ਕੀਤੀ ਗਈ ਹੈ। ਐਨੀਮਲ ਜਸਟਿਸ ਨੂੰ ਸਪਲਾਈ ਕੀਤੀ ਵੀਡੀਓ ਵਿਚ ਦਿਸਦਾ ਹੈ ਕਿ ਜਾਨਵਰਾਂ ਨੂੰ ਹੋਸ਼ ਵਿਚ ਹੁੰਦਿਆਂ ਹੀ ਮਾਰਿਆ ਜਾਂਦਾ ਤੇ ਗਲਾ ਵੱਢਿਆ ਜਾਂਦਾ ਹੈ। ਐਨੀਮਲ ਜਸਟਿਸ ਨੇ ਬੀਸੀ ਦੇ ਐਸਪੀਸੀਏ, ਬੀਸੀ ਦੀ ਖੇਤੀਬਾੜੀ ਮੰਤਰਾਲੇ ਅਤੇ ਫੂਡ ਮੀਟ ਪ੍ਰੋਸੈਸਿੰਗ ਪ੍ਰੋਗਰਾਮ ਅਤੇ ਕੈਨੇਡੀਅਨ ਫੂਡ ਇੰਸਪੈਕਸ਼ਨ ਏਜੰਸੀ ਕੋਲ ਸ਼ਿਕਾਇਤ ਦਾਇਰ ਕਰਕੇ ਕਿਹਾ ਕਿ ਸੰਗਠਨ ਬੀਸੀ ਦੇ ਜਾਨਵਰਾਂ ਨਾਲ ਬੇਰਹਿਮੀ ਬਾਰੇ ਕਾਨੂੰਨ, ਫੂਡ ਸੇਫਟੀ ਐਕਟ, ਮੀਟ ਜਾਂਚ ਰੈਗੂਲੇਸ਼ਨ ਅਤੇ ਫੈਡਰਲ ਹੈਲਥ ਆਫ ਐਨੀਮਲਜ਼ ਰੈਗੂਲੇਸ਼ਨਜ਼ ਦੀ ਚੱਲ ਰਹੀ ਕਥਿਤ ਉਲੰਘਣਾ ਲਈ ਫੋਰਡ ਰੋਡ ਨਾਲ ਪੈਂਦੇ ਮੀਡੋ ਵੈਲੀ ਮੀਟ ਪਲਾਂਟ ਦੀ ਜਾਂਚ ਕਰਨ।

# ਅਲਬਰਟਾ ਵਲੋਂ ਸਿਹਤ ਸੰਭਾਲ ਲਈ 24 ਅਰਬ ਡਾਲਰ ਦੇ ਫੰਡਾਂ ਲਈ ਫੈਡਰਲ ਸਰਕਾਰ ਨਾਲ ਸਮਝੌਤਾ

ਓਟਵਾ-ਅਲਬਰਟਾ ਸੂਬੇ ਦੇ ਸਰਕਾਰ ਨੇ ਸਿਹਤ ਸੰਭਾਲ ਲਈ 10 ਸਾਲਾਂ ਵਿਚ 24 ਅਰਬ ਡਾਲਰ ਦੇ ਫੰਡਾਂ ਲਈ ਫੈਡਰਲ ਸਰਕਾਰ ਨਾਲ ਸਮਝੌਤੇ 'ਤੇ ਦਸਤਖ਼ਤ ਕੀਤੇ ਹਨ। ਅਲਬਰਟਾ ਦੇ ਸਿਹਤ ਮੰਤਰੀ ਦਾ ਕਹਿਣਾ ਕਿ ਫੈਡਰਲ ਸਰਕਾਰ ਨਾਲ ਨਵਾਂ ਸਿਹਤ ਫੰਡਿੰਗ ਸਮਝੌਤਾ ਸਿਸਟਮ ਵਿਚ ਸੂਬਾਈ ਸੁਧਾਰਾਂ ਨੂੰ ਸ਼ਾਮਿਲ ਕਰੇਗਾ। ਇਕ ਪ੍ਰੈਸ ਕਾਨਫਰੰਸ ਵਿਚ ਜੈਸਨ ਕੋਪਿੰਗ ਨੇ ਕਿਹਾ ਕਿ ਜੋ ਕੁਝ ਅਸੀਂ ਪਹਿਲਾਂ ਹੀ ਕਰ ਰਹੇ ਹਾਂ, ਵਾਧੂ ਪੈਸਾ ਉਸ ਵਿਚ ਤੇਜ਼ੀ ਲਿਆਉਣ ਲਈ ਸਾਡੀ ਮਦਦ ਕਰੇਗਾ। ਕੋਪਿੰਗ ਨੇ ਦੱਸਿਆ ਕਿ ਯੂਨਾਈਟਡ ਕੰਸਰਵੇਟਿਵ ਪਾਰਟੀ ਦੀ ਸਰਕਾਰ ਮਾਨਸਿਕ ਸਿਹਤ ਅਤੇ ਨਸ਼ਿਆਂ 'ਤੇ



ਧਿਆਨ ਦੇ ਰਹੀ ਹੈ ਅਤੇ ਪ੍ਰਾਇਮਰੀ ਦੇਖਭਾਲ ਨੂੰ ਹੁਲਾਰਾ ਦੇ ਰਹੀ ਹੈ ਜਦਕਿ ਘਰ ਵਿਚ ਦੇਖਭਾਲ ਜਾਰੀ ਰੱਖਣ ਲਈ ਜਿਆਦਾ ਡਾਕਟਰਾਂ ਤੇ ਫਰੰਟ ਲਾਈਨ ਦੇ ਸਿਹਤ ਪ੍ਰੋਵਾਈਡਰਾਂ ਦੀ ਭਰਤੀ ਕਰ ਰਹੀ ਹੈ। ਇਸ ਤੋਂ ਪਹਿਲਾਂ ਫੈਡਰਲ ਸਿਹਤ ਮੰਤਰੀ ਜੀਨ-ਯਵੇਸ ਡੁਕਲੋਸ ਨੇ ਸੋਮਵਾਰ ਐਲਾਨ ਕੀਤਾ ਕਿ ਸਿਹਤ ਸੰਭਾਲ ਫੰਡਿੰਗ ਲਈ ਓਟਵਾ ਨਾਲ ਸਿਧਾਂਤਕ ਤੌਰ 'ਤੇ ਸਮਝੌਤੇ 'ਤੇ ਦਸਤਖ਼ਤ ਕਰਨ ਵਾਲਾ ਸੱਤਵਾਂ ਸੂਬਾ ਬਣ ਗਿਆ ਹੈ। ਇਸ ਸਮਝੌਤੇ ਤਹਿਤ ਅਗਲੇ 10 ਸਾਲਾਂ ਵਿਚ ਅਲਬਰਟਾ ਦੇ ਸਿਹਤ ਸੰਭਾਲ ਸਿਸਟਮ ਵਿਚ 24 ਅਰਬ ਡਾਲਰ ਤੋਂ ਵੀ ਜ਼ਿਆਦਾ ਖਰਚ ਕੀਤੇ ਜਾਣਗੇ।

# ਸਰੀ ਪੁਲਿਸ ਯੂਨੀਅਨ ਵਲੋਂ ਸਿਟੀ ਕੌਂਸਲਰ ਖਿਲਾਫ ਕਨਫਲਿਕਟ-ਆਫ-ਇੰਟਰੈਸਟ ਸ਼ਿਕਾਇਤ ਦਾਇਰ

ਸਰੀ-ਸਰੀ ਪੁਲਿਸ ਯੂਨੀਅਨ ਨੇ ਸ਼ਹਿਰ ਦੇ ਐਥਿਕਸ ਕਮਿਸ਼ਨਰ ਦੇ ਦਫਤਰ ਸਰੀ ਕੁਨੈਕਟ ਕੌਂਸਲਰ ਰੌਬ ਸਟੱਟ ਖਿਲਾਫ ਕਨਫਲਿਕਟ ਆਫ ਇੰਟਰੈਸਟ ਸ਼ਿਕਾਇਤ ਦਾਇਰ ਕੀਤੀ ਹੈ। ਯੂਨੀਅਨ ਪ੍ਰਧਾਨ ਰੌਬ ਸਟੇਵਾਰਟ ਨੇ ਜਾਰੀ ਇਕ ਬਿਆਨ ਵਿਚ ਪਬਲਿਕ ਸੇਫਟੀ ਕਮੇਟੀ ਦੇ ਚੇਅਰਮੈਨ ਸਟੱਟ 'ਤੇ ਦੋਸ਼ ਲਗਾਇਆ ਕਿ ਉਨ੍ਹਾਂ ਨੇ ਇਹ ਪ੍ਰਗਟਾਵਾ ਕਿ ਉਸ ਦਾ ਪੁੱਤਰ ਸਰੀ ਆਰਸੀਐਮਪੀ ਵਿਚ ਨੌਕਰੀ ਕਰਦਾ ਹੈ ਅਤੇ ਉਸ ਦੀ ਧੀ ਨੂੰ ਸਰੀ ਆਰਸੀਐਮਪੀ ਵਿਚ ਰੱਖਿਆ ਗਿਆ ਹੈ ਕੀਤੇ ਬਿਨ੍ਹਾਂ ਸਰੀ ਆਰਸੀਐਮਪੀ ਤੋਂ ਸਰੀ ਪੁਲਿਸ ਟਰਾਂਜ਼ੀਸ਼ਨ ਨੂੰ ਖਤਮ ਕਰਨ ਦੇ ਪੱਖ ਵਿਚ ਵੋਟ ਦਿੱਤਾ ਹੈ। ਸਟੇਵਾਰਟ ਨੇ ਦੱਸਿਆ ਕਿ 14 ਨਵੰਬਰ 2022 ਨੂੰ ਸਟੱਟ ਨੇ ਟਰਾਂਜ਼ੀਸ਼ਨ ਖਤਮ ਕਰਨ ਲਈ ਮਤੇ ਦੇ ਪੱਖ ਵਿਚ ਵੋਟ ਦਿੱਤਾ ਸੀ। ਇਹ ਮਤਾ 5-4 ਵੋਟਾਂ ਦੇ ਫਰਕ ਨਾਲ ਪਾਸ ਹੋ ਗਿਆ ਸੀ।

# 16 ਸਾਲਾ ਲੜਕਾ 'ਤੇ ਚਾਕੂ ਨਾਲ ਹਮਲਾ-ਹਸਪਤਾਲ ਦਾਖਲ

ਸਰੀ-ਨੌਰਥ ਡੈਲਟਾ ਵਿਚ 16 ਸਾਲ ਦੇ ਇਕ ਲੜਕੇ ਨੂੰ ਚਾਕੂ ਮਾਰ ਕੇ ਜ਼ਖ਼ਮੀ ਕਰ ਦਿੱਤਾ ਗਿਆ ਜਿਸ ਪਿਛੋਂ ਉਸ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਪੁਲਿਸ ਨੇ ਦੱਸਿਆ ਕਿ ਮਾਸਕ ਪਹਿਨੀ ਕਈ ਵਿਅਕਤੀਆਂ ਨੇ ਐਨੀਵਿਲ ਪਾਰਕ ਦੇ ਅੰਦਰ ਤੇ ਬਾਹਰ ਉਸ 'ਤੇ ਹਮਲਾ ਕੀਤਾ। ਲੜਕੇ ਨੇ ਪੁਲਿਸ ਨੂੰ ਦੱਸਿਆ ਕਿ ਉਸ ਨੂੰ ਧਮਕਾਇਆ, ਘਸੁੰਨ ਮਾਰੇ ਗਏ ਅਤੇ ਆਖਰਕਾਰ ਇਕ ਜਾਂ ਜ਼ਿਆਦਾ ਸ਼ੱਕੀਆਂ ਨੇ ਚਾਕੂ ਨਾਲ ਹਮਲਾ ਕਰ ਦਿੱਤਾ। ਲੜਕੇ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ ਜਿਥੇ ਉਸ ਦੇ ਗੰਭੀਰ ਜ਼ਖ਼ਮਾਂ ਦਾ ਇਲਾਜ ਕੀਤਾ ਜਾ ਰਿਹਾ ਹੈ ਪਰ ਉਸ ਦੀ ਜਾਨ ਨੂੰ ਕੋਈ ਖ਼ਤਰਾ ਨਹੀਂ। ਹਮਲਾ ਕਰਨ ਵਾਲੇ ਕਈ ਨੌਜਵਾਨਾਂ ਨੂੰ ਪੁਲਿਸ ਨੇ ਲੱਭ ਕੇ ਹਿਰਾਸਤ ਵਿਚ ਲੈ ਲਿਆ ਹੈ ਅਤੇ ਪੁਲਿਸ ਨੇ ਦੱਸਿਆ ਕਿ ਸ਼ੱਕੀ ਹਮਲਾਵਰ ਵਿਦਿਆਰਥੀ ਹਨ ਜਿਹੜੇ ਪੀੜਤ ਨਾਲ ਡੇਲਵਿਊ ਵਿਚ ਪੜ੍ਹਦੇ ਹਨ।

# ਕੰਸਰਵੇਟਿਵ ਐਮਪੀਜ਼ ਦੀ ਇਮੀਗ੍ਰੇਸ਼ਨ ਵਿਰੋਧੀ ਜਰਮਨ ਸਿਆਸਤਦਾਨ ਨਾਲ ਮੀਟਿੰਗ ਲਈ ਆਲੋਚਨਾ

ਓਟਵਾ-ਤਿੰਨ ਕੰਸਰਵੇਟਿਵ ਐਮਪੀਜ਼ ਨੇ ਸੱਜੇ ਪੱਖੀ ਜਰਮਨ ਪਾਰਟੀ ਜਿਸ ਨੂੰ ਯੂਰਪੀਅਨ ਪਾਰਲੀਮੈਂਟ ਵਿਚ ਏਐਫਡੀ ਵਜੋਂ ਜਾਣਿਆਂ ਜਾਂਦਾ ਹੈ ਜਿਹੜੀ ਪਰਵਾਸੀ ਵਿਰੋਧੀ ਬਿਆਨਬਾਜ਼ੀ ਕਰਦੀ ਹੈ ਦੇ ਇਕ ਮੈਂਬਰ ਨਾਲ ਤਸਵੀਰ ਨੂੰ ਬਹੁਤ ਘੱਟ ਮਹੱਤਵ ਦਿੰਦਿਆਂ ਕਿਹਾ ਕਿ ਉਸ ਨੇ ਇਸ ਹਫ਼ਤੇ ਜਦੋਂ ਕੈਨੇਡਾ ਦਾ ਦੌਰਾ ਕੀਤਾ ਤਾਂ ਉਹ ਉਸ ਦੀ ਰਾਜਨੀਤੀ ਬਾਰੇ ਨਹੀਂ ਸਨ ਜਾਣਦੇ। ਯਹੂਦੀ ਗਰੁੱਪ ਨੇ ਮੀਟਿੰਗ ਦੀ ਆਲੋਚਨਾ ਕੀਤੀ ਹੈ ਕਿਉਂਕਿ ਮੀਟਿੰਗ ਦੀਆਂ ਤਸਵੀਰਾਂ ਸੋਸ਼ਲ ਮੀਡੀਆ 'ਤੇ ਸਾਂਝੀਆਂ ਕੀਤੀਆਂ ਗਈਆਂ ਹਨ ਜਿਨ੍ਹਾਂ ਵਿਚ ਐਮਪੀਜ਼ ਕ੍ਰਿਸਟੀਨ ਐਂਡਰਸਨ ਜਿਹੜੀ ਆਲਟਰਨੇਟਿਵ ਫਾਰ ਜਰਮਨੀ ਦੀ ਪ੍ਰਤੀਨਿਧਤਾ ਕਰਦੀ ਹੈ ਦੇ ਨਾਲ ਖੜੇ ਮੁਸਕਰਾ ਰਹੇ ਹਨ। ਜਾਰੀ ਇਕ ਬਿਆਨ ਵਿਚ ਸੈਂਟਰ ਫਾਰ ਇਸਰਾਈਲ ਐਂਡ ਯਹੂਦੀ ਮਾਮਲਿਆਂ ਦੇ ਨਿਕੋਲ ਅਮੀਲ ਨੇ ਕਿਹਾ ਕਿ ਜਿਵੇਂ ਅਸੀਂ ਇਸ ਕਿਸਮ ਦੀਆਂ ਪਿਛਲੀਆਂ ਘਟਨਾਵਾਂ ਦੇ ਜਵਾਬ ਵਿਚ ਜ਼ੋਰ ਦਿੱਤਾ ਹੈ ਇਸ ਤਰ੍ਹਾਂ ਇਹ ਲਾਜ਼ਮੀ ਹੈ ਕਿ ਪਾਰਲੀਮੈਂਟ ਦੇ ਮੈਂਬਰ ਜਦੋਂ ਰਸਮੀ ਮੀਟਿੰਗਾਂ ਲਈ ਸਹਿਮਤ ਹੋਣ ਤਾਂ ਉਹ ਪੂਰਾ ਧਿਆਨ ਰੱਖਣ। ਬੀਤੀ ਰਾਤ ਸੈਂਟਰ ਨੇ ਇਕ ਟਵੀਟ ਵਿਚ ਕਿਹਾ ਕਿ ਮਿਸ ਐਂਡਰਸਨ ਜਿਸ ਨੂੰ ਉਨ੍ਹਾਂ ਨੇ ਇਸਲਾਮਿਕਫੋਬੀਆ ਅਤੇ ਪ੍ਰਵਾਸ ਵਿਰੋਧੀ ਵਿਚਾਰਾਂ ਵਾਲੀ ਪਾਰਟੀ ਦੇ ਮੈਂਬਰ ਵਜੋਂ ਜਾਣਿਆਂ ਜਾਂਦਾ ਹੈ ਨਾਲ ਮੀਟਿੰਗ ਨੂੰ ਲੈ ਕੇ ਗੰਭੀਰ ਚਿੰਤਾ ਦਾ ਵਿਸ਼ਾ ਹੈ।


ਸੁਪਰ ਵੀਜ਼ਾ ਇੰਸ਼ੋਰੈਂਸ
ਮੰਥਲੀ ਪੇਮੈਂਟ ਪਲੈਨ • 45% ਤੱਕ ਡਿਸਕਾਊਂਟ*
• ਲਾਈਫ • ਡਿਸੇਬਿਲਿਟੀ • ਕ੍ਰਿਟੀਕਲ ਇਲਨੈਸ
• ਬੱਚਿਆਂ ਲਈ ਇੰਸ਼ੋਰੈਂਸ • ਹੈਲਥ • ਟਰੈਵਲ • ਵਿਜ਼ਟਰ
ਇੰਡੀਪੈਂਡੇਂਟ ਬਰੋਕਰਜ਼ ਹੋਣ ਦੇ ਨਾਤੇ ਅਸੀਂ ਤੁਹਾਨੂੰ ਕਨੇਡਾ ਦੀਆਂ ਸਾਰੀਆਂ ਮੇਜਰ ਇੰਸ਼ੋਰੈਂਸ ਕੰਪਨੀਆਂ ਤੋਂ ਵਾਜਿਬ ਰੇਟ ਅਤੇ ਵਧੀਆ ਬੈਨੀਫਿਟਸ ਲੈ ਕੇ ਦਿੰਦੇ ਹਾਂ
YOUR INSURANCE ADVISOR
JATINDER SINGH BHATIA
Former Advocate (India)

ਜਤਿੰਦਰ ਸਿੰਘ ਭਾਟੀਆ
778.848.1287
jatinder.insurance@hotmail.com
14768-69A Ave, SURREY BC
*WITH DEDUCTIBLE.



India Bookworld
Shop Online At:
www.indiabookworld.ca
ਕਿਤਾਬਾਂ ਹੀ ਕਿਤਾਬਾਂ
ਧਰਮ, ਸੱਭਿਆਚਾਰ, ਇਤਿਹਾਸ, ਭਾਸ਼ਾ ਸਿੱਖਣ, ਬੱਚੇ, ਯੋਗਾ ਅਤੇ ਸਿਹਤ, ਰਸੋਈ, ਕਲਾ ਅਤੇ ਫਿਲਮਾਂ, ਜੋਤਿਸ਼ ਅਤੇ ਅੰਕ ਵਿਗਿਆਨ ਅੰਗਰੇਜ਼ੀ, ਪੰਜਾਬੀ, ਹਿੰਦੀ, ਉਰਦੂ, ਗੁਜਰਾਤੀ, ਬੰਗਾਲੀ ਅਤੇ ਹੋਰ ਭਾਰਤੀ ਭਾਸ਼ਾਵਾਂ ਵਿੱਚ।






604-593-5967 | 604-595-2923
Follow us at #
#117B-12888 - 80 Ave., Surrey
E: info@indiabookworld.ca



idea immigration
SUPER VISAS & PNPs
ਕੈਨੇਡਾ ਪਹੁੰਚਣ ਦਾ ਸੁਨਿਹਰੀ ਮੌਕਾ


• Specialist in marriage appeals & residency appeals
• Under express entry program applicant can come to Canada within 6 month. For assessments you can visit or call.
• Immigration under investment programme
• ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਉ
• 6 ਤੋਂ 8 ਮਹੀਨੇ 'ਚ ਨੈਨੀ ਮੰਗਵਾਉ
• ਕੈਨੇਡਾ ਦੇ ਆਰਜ਼ੀ ਵਰਕ ਪਰਮਿਟ ਪੋਗਰਾਮ 'ਚ ਤਬਦੀਲੀਆਂ
ਜੇ ਤੁਹਾਡੇ ਵਿਆਹ ਦਾ ਕੇਸ ਰਿਫਿਊਜ਼ ਹੋ ਗਿਆ ਅਤੇ ਅਪੀਲ ਕਰਨਾ ਚਾਹੁੰਦੇ ਹੋ?
ਜੇ ਤੁਸੀ ਸਟੂਡੈਂਟ ਹੋ ਅਤੇ ਕੈਨੇਡਾ ਵਿਚ ਪੱਕੇ ਹੋਣਾ ਚਾਹੁੰਦੇ ਹੋ?
ਜੇ ਵਿਜ਼ਟਰ ਵੀਜ਼ੇ ਤੇ ਆਏ ਹੋ, ਪੀ.ਆਰ. ਲੈਣਾ ਚਾਹੁੰਦੇ ਹੋ?
...ਤਾਂ ਸਲਾਹ ਮਸ਼ਵਰੇ ਲਈ ਅੱਜ ਹੀ ਸਾਨੂੰ ਮਿਲੋ
ਸੁਪਰ ਵੀਜ਼ਾ, ਵਿਜ਼ਟਰ ਵੀਜ਼ਾ, ਵਰਕ ਪਰਮਿਟ, ਸਟੱਡੀ ਪਰਮਿਟ, ਮਲਟੀਪਲ ਵੀਜ਼ਾ, LMIA ਲੈਣ ਲਈ ਸਾਡੀਆਂ ਸੇਵਾਵਾਂ ਲਓ।
ਪੀ.ਆਰ. ਕਾਰਡ ਬਣਵਾਉਣ ਅਤੇ ਸਿਟੀਜ਼ਨਸ਼ਿਪ ਲੈਣ ਲਈ ਸੰਪਰਕ ਕਰੋ।
Navneet Sharma 778-320-0620
Ph:604-597-1119 | Fax:604-593-5099
#209-7928, 128st. Surrey BC V3W 4E8
info@ideaimmigration.com | www.ideaimmigration.com

# ਕਿਰਾਏ ਦੀ ਵੰਡ ਤੋਂ ਝਗੜੇ ਕਾਰਣ ਹੋਇਆ ਯੂਨੀਵਰਸਿਟੀ ਵਿਦਿਆਰਥੀ ਦਾ ਕਤਲ

ਪਟਿਆਲਾ-ਪੰਜਾਬੀ ਯੂਨੀਵਰਸਿਟੀ ਸਥਿਤ 'ਯੂਨੀਵਰਸਿਟੀ ਕਾਲਜ ਆਫ ਇਜਨੀਅਰਿਗਂ (ਯੂਕੋ) ਦੇ ਬੀਟੈਕ ਕੰਪਿਊਟਰ ਸਾਇੰਸ ਦੇ ਵਿਦਿਆਰਥੀ ਨਵਜੋਤ ਸਿੰਘ ਦੇ ਕਤਲ ਮਾਮਲੇ 'ਚ ਅੱਜ ਡੀਐੱਸਪੀ ਜਸਵਿੰਦਰ ਟਿਵਾਣਾ ਤੇ ਹੋਰਾਂ ਦੀ ਅਗਵਾਈ ਹੇਠਲੀ ਪੁਲੀਸ ਟੀਮ ਨੇ ਚਾਰ ਜਣਿਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਮੁਲਜ਼ਮਾਂ ਵਿੱਚੋਂ ਤਿੰਨ ਇਸੇ ਯੂਨੀਵਰਸਿਟੀ ਦੇ ਵਿਦਿਆਰਥੀ ਹਨ। ਪੁੱਛ ਪੜਤਾਲ ਦੌਰਾਨ ਸਾਹਮਣੇ ਆਇਆ ਹੈ ਕਿ ਇਹ ਕਤਲ 3500 ਰੁਪਏ ਦਾ ਬਿਜਲੀ ਦਾ ਬਿੱਲ ਭਰਨ ਦੇ ਝਗੜੇ ਕਾਰਨ ਹੋਇਆ ਹੈ। ਇਹ ਗੱਲ ਵੀ ਸਾਹਮਣੇ ਆਈ ਹੈ ਕਿ ਕਿਰਚਾਂ ਮਾਰਨ ਵਾਲਾ ਨੌਜਵਾਨ ਯੂਨੀਵਰਸਿਟੀ ਦਾ ਵਿਦਿਆਰਥੀ ਨਹੀਂ ਹੈ। ਇੱਥੇ ਅੱਜ ਪ੍ਰੈੱਸ ਕਾਨਫਰੰਸ ਦੌਰਾਨ ਐੱਸਐੱਸਪੀ ਵਰੁਣ ਸ਼ਰਮਾ ਨੇ ਦੱਸਿਆ ਕਿ ਮੁਲਜ਼ਮਾਂ ਦੀ ਪਛਾਣ ਮਨਦੀਪ ਸਿੰਘ ਸਾਹਿਬਨਗਰ ਥੇੜ੍ਹੀ ਪਟਿਆਲਾ, ਮੋਹਿਤ ਕੰਬੋਜ ਵਾਸੀ ਚੱਕ ਪੰਨਾਵਾਲੀ ਫਾਜ਼ਿਲਕਾ, ਸਨਜੋਤ ਸਿੰਘ ਵਾਸੀ ਠੇਠਰਾਂ ਕਲਾਂ, ਫ਼ਿਰੋਜ਼ਪੁਰ ਤੇ ਹਰਜਿੰਦਰ ਸਿੰਘ ਵਾਸੀ ਮੋਰਵਾਲੀ, ਫ਼ਰੀਦਕੋਟ ਵਜੋਂ ਹੋਈ ਹੈ। ਪੁਲੀਸ ਮੁਖੀ ਨੇ ਦੱਸਿਆ ਕਿ ਬਿਜਲੀ ਦਾ ਬਿੱਲ ਭਰਨ ਦੀ ਗੱਲ 'ਤੇ ਹੋਏ ਝਗੜੇ ਕਾਰਨ ਇਹ ਘਟਨਾ ਵਾਪਰੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਮੋਹਿਤ ਕੰਬੋਜ ਸਣੇ ਚਾਰ-ਪੰਜ ਜਣੇ ਯੂਨੀਵਰਸਿਟੀ ਤੋਂ ਬਾਹਰ ਕਿਰਾਏ ਦੀ ਇੱਕ ਕੋਠੀ ਵਿੱਚ ਰਹਿੰਦੇ ਸਨ ਤੇ ਨਵਜੋਤ ਸਿੰਘ ਵੀ ਕਦੇ-ਕਦਾਈਂ ਇੱਥੇ ਰਹਿ ਜਾਂਦਾ ਸੀ। ਸਨਜੋਤ ਸਿੰਘ ਦਾ ਇਸ ਕੋਠੀ 'ਚ ਸਾਮਾਨ ਪਿਆ ਸੀ। ਇਸ ਤਰ੍ਹਾਂ 3500 ਰੁਪਏ ਪੰਜ ਜਣਿਆਂ 'ਚ ਵੰਡੇ ਗਏ। ਬਾਅਦ ਵਿੱਚ ਇਸ ਗੱਲ 'ਤੇ ਇਤਰਾਜ਼ ਪੈਦਾ ਹੋਇਆ ਕਿ ਜਿਸ ਦਾ ਸਾਮਾਨ ਕੋਠੀ ਵਿੱਚ ਪਿਆ ਹੈ, ਉਸ ਕੋਲੋਂ ਵੀ ਬਣਦਾ ਹਿੱਸਾ ਲਿਆ ਜਾਵੇ। ਇਸ ਮਾਮਲੇ 'ਤੇ ਬਹਿਸਦਿਆਂ 26 ਫਰਵਰੀ ਨੂੰ ਨੌਜਵਾਨਾਂ ਵਿੱਚ ਝਗੜਾ ਹੋ ਗਿਆ ਤੇ ਦੋਵੇਂ ਧਿਰਾਂ ਨੇ ਅਗਲੇ ਦਿਨ ਯੂਨੀਵਰਸਿਟੀ ਵਿਭਾਗ ਨੇੜੇ ਮਿਲਣ ਦਾ ਸਮਾਂ ਤੈਅ ਕਰ ਲਿਆ। ਇਸ ਦੌਰਾਨ ਮੋਹਿਤ ਕੰਬੋਜ ਵਾਲਾ ਧੜਾ ਆਪਣੇ ਨਾਲ ਮਨਦੀਪ ਸਿੰਘ ਨਾਮ ਦੇ ਇਕ ਨੌਜਵਾਨ ਨੂੰ ਵੀ ਲੈ ਆਇਆ, ਜੋ ਯੂਨੀਵਰਸਿਟੀ ਦਾ ਵਿਦਿਆਰਥੀ ਨਹੀਂ ਸੀ। ਮਨਦੀਪ ਨੇ ਹੀ ਨਵਜੋਤ 'ਤੇ ਵਾਰ ਕੀਤੇ ਹਨ। ਸਬੰਧਤ ਥਾਣਾ ਅਰਬਨ ਅਸਟੇਟ ਦੇ ਮੁਖੀ ਅੰਮ੍ਰਿਤਬੀਰ ਚਹਿਲ ਨੇ ਦੱਸਿਆ ਕਿ ਮੁਲਜ਼ਮ ਕੋਲੋਂ ਵਾਰਦਾਤ ਮੌਕੇ ਵਰਤੀ ਗਈ ਕਿਰਚ ਵੀ ਬਰਾਮਦ ਕਰ ਲਈ ਗਈ ਹੈ।

## ਧਰਨੇ ਮੁਜ਼ਾਹਰਿਆਂ ਵਿਚ ਗੁਰੂ ਗਰੰਥ ਸਾਹਿਬ ਦਾ ਸਰੂਪ ਲਿਜਾਣ ਦੇ ਰੁਝਾਨ ਦਾ ਯੋਗ ਨਿਰਣਾ ਲਈ ਅਕਾਲ ਤਖਤ ਸਾਹਿਬ ਵਲੋਂ ਕਮੇਟੀ ਦਾ ਗਠਨ

ਅੰਮ੍ਰਿਤਸਰ-ਰੋਸ ਪ੍ਰਦਰਸ਼ਨਾਂ, ਮੁਜ਼ਾਹਰਿਆਂ, ਧਰਨਿਆਂ ਤੇ ਕਬਜ਼ੇ ਵਾਲੀਆਂ ਥਾਵਾਂ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਨੂੰ ਲੈ ਕੇ ਜਾਣ ਅਤੇ ਪ੍ਰਕਾਸ਼ ਕਰਨ ਦੇ ਰੁਝਾਨ ਸਬੰਧੀ ਕੋਈ ਯੋਗ ਨਿਰਣਾ ਲੈਣ ਵਾਸਤੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸਿੱਖ ਸੰਪਰਦਾਵਾਂ, ਸਿੱਖ ਜਥੇਬੰਦੀਆਂ ਅਤੇ ਸਿੱਖ ਵਿਦਵਾਨਾਂ 'ਤੇ ਅਧਾਰਿਤ 15 ਮੈਂਬਰੀ ਸਬ-ਕਮੇਟੀ ਦਾ ਗਠਨ ਕੀਤਾ ਹੈ, ਜੋ 15 ਦਿਨਾਂ ਅੰਦਰ ਆਪਣੀ ਸਾਂਝੀ ਰਾਏ ਅਨੁਸਾਰ ਰਿਪੋਰਟ ਤਿਆਰ ਕਰ ਕੇ ਅਕਾਲ ਤਖ਼ਤ ਨੂੰ ਸੌਂਪੇਗਾ। ਚੇਤੇ ਰਹੇ ਕਿ ਅਜਨਾਲਾ ਥਾਣੇ ਵਿਚ ਵਾਪਰੀ ਹਿੰਸਕ ਘਟਨਾ ਸਮੇਂ 'ਵਾਰਿਸ ਪੰਜਾਬ ਦੇ' ਜਥੇਬੰਦੀ ਵਲੋਂ ਪਾਵਨ ਸਰੂਪ ਵਾਲੇ ਵਾਹਨ ਨੂੰ ਨਾਲ ਲੈ ਕੇ ਜਾਣ ਦੇ ਮਾਮਲੇ ਤੋਂ ਬਾਅਦ ਅਕਾਲ ਤਖਤ ਨੇ ਇਸ ਘਟਨਾ ਦਾ ਨੋਟਿਸ ਲਿਆ ਹੈ। ਇਸ ਘਟਨਾ ਵਿਚ ਪਾਵਨ ਸਰੂਪ ਨੂੰ ਢਾਲ ਬਣਾਉਣ ਦਾ ਸਿੱਖ ਅਤੇ ਗੈਰ-ਸਿੱਖ ਹਲਕਿਆਂ ਵਿਚ ਭਾਰੀ ਵਿਰੋਧ ਹੋ ਰਿਹਾ ਹੈ। ਅਕਾਲ ਤਖ਼ਤ ਵੱਲੋਂ ਇਸ ਕਮੇਟੀ ਦਾ ਐਲਾਨ ਭਾਵੇਂ ਪਹਿਲਾਂ ਹੀ ਕਰ ਦਿੱਤਾ ਗਿਆ ਸੀ, ਪਰ ਇਸ ਦੇ ਮੈਂਬਰਾਂ ਦੇ ਨਾਵਾਂ ਦਾ ਐਲਾਨ ਹੁਣ ਕੀਤਾ ਗਿਆ ਹੈ। ਸਾਬਕਾ ਫੈਡਰੇਸ਼ਨ ਆਗੂ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪੰਥਕ ਸਲਾਹਕਾਰ ਬੋਰਡ ਦੇ ਮੈਂਬਰ ਕਰਨੈਲ ਸਿੰਘ ਪੀਰ-ਮੁਹੰਮਦ ਨੂੰ ਸਬ-ਕਮੇਟੀ ਦਾ ਕੋਆਰਡੀਨੇਟਰ ਬਣਾਇਆ ਗਿਆ ਹੈ। ਅਕਾਲ ਤਖਤ ਦੇ ਸਕੱਤਰੇਤ ਤੋਂ ਜਾਰੀ ਪੱਤਰ ਅਨੁਸਾਰ ਸਬ-ਕਮੇਟੀ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਸਮੇਤ ਦਿੱਲੀ ਕਮੇਟੀ ਅਤੇ ਚੀਫ ਖਾਲਸਾ ਦੀਵਾਨ ਦੇ ਪ੍ਰਧਾਨ, ਨਿਹੰਗ ਜਥੇਬੰਦੀ ਹਰੀਆਂ ਵੇਲਾਂ ਦੇ ਮੁਖੀ ਬਾਬਾ ਨਿਹਾਲ ਸਿੰਘ, ਸੰਤ ਬਾਬਾ ਹਰਨਾਮ ਸਿੰਘ ਖਾਲਸਾ ਮੁਖੀ ਦਮਦਮੀ ਟਕਸਾਲ, ਜਥੇਦਾਰ ਬਾਬਾ ਬਲਵੀਰ ਸਿੰਘ ਮੁਖੀ ਬੁੱਢਾ ਦਲ, ਬਾਬਾ ਅਵਤਾਰ ਸਿੰਘ ਸੁਰ ਸਿੰਘ ਵਾਲੇ, ਬਾਬਾ ਗੱਜਣ ਸਿੰਘ ਤਰਨਾ ਦਲ, ਬਾਬਾ ਮੇਜਰ ਸਿੰਘ ਦਸਮੇਸ਼ ਤਰਨਾ ਦਲ, ਚੇਅਰਮੈਨ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਪ੍ਰਿੰਸੀਪਲ ਸਿੱਖ ਮਿਸ਼ਨਰੀ ਕਾਲਜ ਚੌਂਤਾ ਕਲਾਂ, ਰਜਿੰਦਰ ਸਿੰਘ ਮਹਿਤਾ ਮੈਂਬਰ ਸ਼੍ਰੋਮਣੀ ਕਮੇਟੀ, ਡਾ. ਪਰਮਵੀਰ ਸਿੰਘ ਪੰਜਾਬੀ ਯੂਨੀਵਰਸਿਟੀ ਪਟਿਆਲਾ, ਸਿੱਖ ਵਿਦਵਾਨ ਡਾ. ਇੰਦਰਜੀਤ ਸਿੰਘ ਗੋਗੋਆਣੀ, ਤਲਵਿੰਦਰ ਸਿੰਘ ਬੁੱਟਰ ਅਤੇ ਡਾ. ਅਮਰਜੀਤ ਸਿੰਘ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੂੰ ਸ਼ਾਮਲ ਕੀਤਾ ਗਿਆ ਹੈ।

## ਕੈਨੇਡਾ ਵਿਚ ਵਿਜਟਰ ਵੀਜੇ ਵਾਲੇ ਕਰ ਸਕਣਗੇ ਵਰਕ ਪਰਮਿਟ ਲਈ ਅਪਲਾਈ

ਟੋਰਾਂਟੋ-ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਗਏ ਵਿਦੇਸ਼ੀ ਨਾਗਰਿਕ, ਜਿਨ੍ਹਾਂ ਕੋਲ ਕਿਸੇ ਵੈਧ ਜੌਬ ਦੀ ਪੇਸ਼ਕਸ਼ ਹੈ, ਉਹ ਹੁਣ ਬਿਨਾਂ ਮੁਲਕ ਛੱਡੇ ਵਰਕ ਪਰਮਿਟ ਲਈ ਅਪਲਾਈ ਕਰ ਸਕਣਗੇ। ਇਹ ਐਲਾਨ ਇਮੀਗ੍ਰੇਸ਼ਨ, ਰਫਿਊਜੀਜ਼ ਤੇ ਸਿਟੀਜ਼ਨਸ਼ਿਪ ਕੈਨੇਡਾ (ਆਈਆਰਸੀਸੀ) ਨੇ ਕੀਤਾ ਹੈ। ਆਈਆਰਸੀਸੀ ਦੀ ਇਹ ਪੇਸ਼ਕਦਮੀ ਕਰੋਨਾ ਮਹਾਮਾਰੀ ਦੌਰਾਨ ਜਾਰੀ ਆਰਜ਼ੀ ਪਬਲਿਕ ਪਾਲਿਸੀ ਦਾ ਹੀ ਵਾਧਾ, ਜੋ ਅੱਜ ਖ਼ਤਮ ਹੋ ਰਹੀ ਸੀ। ਇਸ ਪਾਲਿਸੀ ਨੂੰ ਹੁਣ ਦੋ ਸਾਲ ਲਈ 28 ਫਰਵਰੀ 2025 ਤੱਕ ਵਧਾ ਦਿੱਤਾ ਗਿਆ ਹੈ। ਇਸ ਸਰਕਾਰੀ ਪਾਲਿਸੀ ਤਹਿਤ ਅਪਲਾਈ ਕਰਨ ਵਾਲੇ ਵਿਜ਼ਿਟਰ, ਜਿਨ੍ਹਾਂ ਕੋਲ ਪਿਛਲੇ 12 ਮਹੀਨਿਆਂ ਤੋਂ ਵਰਕ ਪਰਮਿਟ ਹੈ, ਵੀ ਹੁਣ ਆਪਣੇ ਕਿਸੇ ਨਵੇਂ ਰੁਜ਼ਗਾਰਦਾਤੇ (ਐਂਪਲਾਇਰ) ਕੋਲ ਆਰਜ਼ੀ ਵਰਕ ਆਥੋਰਾਈਜ਼ੇਸ਼ਨ ਦੀ ਅਰਜ਼ੀ ਦਾਖ਼ਲ ਕਰ ਸਕਣਗੇ। ਪਾਲਿਸੀ ਵਿੱਚ ਕੀਤੇ ਇਸ ਆਰਜ਼ੀ ਬਦਲਾਅ ਤੋਂ ਪਹਿਲਾਂ ਕੈਨੇਡਾ ਵਿਚ ਕੰਮ ਲਈ ਅਪਲਾਈ ਕਰਨ ਵਾਲਿਆਂ ਨੂੰ ਇਸ ਮੁਲਕ ਵਿਚ ਆਉਣ ਤੋਂ ਪਹਿਲਾਂ ਹੀ ਸ਼ੁਰੂਆਤੀ ਵਰਕ ਪਰਮਿਟ ਲਈ ਅਪਲਾਈ ਕਰਨ ਦੀ ਲੋੜ ਹੁੰਦੀ ਸੀ। ਜੇਕਰ ਉਹ ਪਹਿਲਾਂ ਹੀ ਵਿਜ਼ਿਟਰ ਵੀਜ਼ਾ 'ਤੇ ਕੈਨੇਡਾ ਵਿਚ ਸਨ, ਤਾਂ ਉਨ੍ਹਾਂ ਨੂੰ ਆਪਣਾ ਵਰਕ ਪਰਮਿਟ ਹਾਸਲ ਕਰਨ ਲਈ ਮੁਲਕ ਛੱਡਣਾ ਪੈਂਦਾ ਸੀ। ਹੁਣ ਇਸ ਨਵੀਂ ਪਾਲਿਸੀ ਨਾਲ ਵਿਜ਼ਿਟਰ ਵੀਜ਼ੇ 'ਤੇ ਆਏ ਲੋਕਾਂ ਨੂੰ ਕੈਨੇਡਾ ਛੱਡਣ ਦੀ ਲੋੜ ਨਹੀਂ ਪਏਗੀ। ਇਸ ਆਰਜ਼ੀ ਪਾਲਿਸੀ ਦਾ ਲਾਹਾ ਲੈਣ ਵਾਲਿਆਂ ਕੋਲ ਵਰਕ ਪਰਮਿਟ ਲਈ ਅਪਲਾਈ ਕਰਨ ਵਾਲੇ ਦਿਨ ਕੈਨੇਡਾ ਵਿਚ ਠਹਿਰ ਦਾ ਵੈਧ ਸਟੇਟਸ ਹੋਣਾ ਚਾਹੀਦਾ ਹੈ ਤੇ ਉਨ੍ਹਾਂ ਕੋਲ ਜੌਬ ਪੇਸ਼ਕਸ਼ ਹੋਵੇ, ਜਿਸ ਨਾਲ ਲੇਬਰ ਮਾਰਕੀਟ ਇੰਪੈਕਟ ਅਸੈੱਸਮੈਂਟ (ਐੱਲਐੱਮਆਈਏ) ਜਾਂ ਐੱਲਐੱਮਆਈਏ ਤੋਂ ਛੋਟ ਵਾਲਾ ਪੱਤਰ ਹੋਵੇ।

## ਬ੍ਰਿਟਿਸ਼ ਕੋਲੰਬੀਆ ਦੇ 2023-34 ਬਜਟ ਵਿਚ ਕੀਤੇ ਸਿਹਤ ਸੰਭਾਲ, ਹਾਊਸਿੰਗ ਤੇ ਗਰਾਂਟਾਂ ਦੇ ਵਾਅਦੇ

ਸ.ਫ਼ਾ 1 ਦੀ ਬਾਕੀ

ਜਿਹੜਾ ਪਹਿਲਾਂ ਲਾਏ 5.7 ਅਰਬ ਡਾਲਰ ਦੇ ਅਨੁਮਾਨ ਤੋਂ 2.1 ਅਰਬ ਡਾਲਰ ਘੱਟ ਹੈ। ਆਉਣ ਵਾਲੇ ਸਾਲਾਂ ਵਿਚ ਸੂਬੇ ਨੂੰ ਘਾਟਾ ਦੇਖਣ ਨੂੰ ਮਿਲੇਗਾ, ਇਹ ਘਾਟਾ 2024-25 ਲਈ 3.75 ਅਰਬ ਡਾਲਰ, 2025-26 ਲਈ 3 ਅਰਬ ਡਾਲਰ ਜਾਂ ਤਿੰਨ ਸਾਲਾਂ ਵਿਚ 11 ਅਰਬ ਡਾਲਰ ਤੋਂ ਜ਼ਿਆਦਾ ਹੋਵੇਗਾ। ਆਉਣ ਵਾਲੇ ਵਿੱਤੀ ਸਾਲ ਵਿਚ ਨਵੇਂ ਖਰਚ ਵਾਲੇ ਮੁੱਖ ਖੇਤਰਾਂ ਵਿਚ ਸਿਹਤ ਸੰਭਾਲ ਤੇ ਮਾਨਸਿਕ ਸਿਹਤ, ਹਾਊਸਿੰਗ ਤੇ ਖਰਚੇ ਘਟਾਉਣ ਦੇ ਵੱਖ ਵੱਖ ਨਵੇਂ ਉਪਾਅ ਸ਼ਾਮਿਲ ਹਨ। 2023-24 ਬਜਟ ਵਿਚ ਨਵੇਂ ਖਰਚ ਵਿਚੋਂ ਸਿਹਤ ਸੰਭਾਲ ਅਤੇ ਮਾਨਸਿਕ ਸਿਹਤ 'ਤੇ ਲਗਪਗ 49 ਫ਼ੀਸਦੀ ਖਰਚ ਕੀਤੇ ਜਾਣਗੇ।

### ਤਿੰਨ ਸਾਲਾਂ ਵਿਚ ਮਕਾਨਾਂ ਦੀ ਸਪਲਾਈ ਵਧਾਉਣ ਲਈ 4.2 ਅਰਬ ਡਾਲਰ ਖਰਚੇ ਜਾਣਗੇ

ਤਿੰਨ ਸਾਲਾਂ ਵਿਚ ਬੇਘਰਿਆਂ ਦੀ ਗਿਣਤੀ ਘਟਾਉਣ ਲਈ ਮਕਾਨਾਂ ਦੀ ਸਪਲਾਈ ਵਧਾਉਣ ਵਾਸਤੇ 4.2 ਅਰਬ ਡਾਲਰ ਖਰਚੇ ਜਾਣਗੇ। ਨਵੇਂ ਬਜਟ ਖਰਚ ਵਿਚੋਂ ਲਗਪਗ 24 ਫ਼ੀਸਦੀ ਭਾਵ 1.08 ਅਰਬ ਡਾਲਰ ਮਕਾਨਾਂ ਲਈ ਦਿੱਤੇ ਜਾਣਗੇ ਅਤੇ ਲਗਪਗ 40 ਕਰੋੜ ਡਾਲਰ ਨਵੇਂ ਮਕਾਨਾਂ ਦੀ ਉਸਾਰੀ ਲਈ ਦਿੱਤੇ ਜਾਣਗੇ ਫਿਰ ਵੀ ਸਰਕਾਰ ਅਸਪਸ਼ਟ ਹੈ ਕਿ ਉਸ ਦੀ ਕਿੰਨੇ ਨਵੇਂ ਮਕਾਨ ਬਣਾਉਣ ਦੀ ਯੋਜਨਾ ਹੈ। ਕੋਨਰੋਏ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਭਵਿੱਖ ਵਿਚ ਵੇਰਵੇ ਐਲਾਨੇ ਜਾਣਗੇ।

### ਰਹਿਣ ਸਹਿਣ ਦੀ ਲਾਗਤ

ਏਬੀ ਸਰਕਾਰ 2023-24 ਵਿਚ ਰਹਿਣ ਸਹਿਣ ਦੀਆਂ ਲਾਗਤਾਂ ਘਟਾਉਣ ਲਈ ਨਵਾਂ ਖਰਚ ਕਰ ਰਹੀ ਹੈ। ਇਨ੍ਹਾਂ ਉਪਾਵਾਂ ਵਿਚ ਗਰਭ ਨਿਰੋਧਕ ਉਪਾਵਾਂ ਲਈ ਨਵੇਂ ਫੰਡ, ਆਮਦਨ ਤੇ ਅਪੰਗਤਾ ਸਹਾਇਤਾ ਵਿਚ ਵਾਧਾ ਅਤੇ ਕੇ-12 ਸਕੂਲ ਫੂਡ ਪ੍ਰੋਗਰਾਮ ਸ਼ਾਮਿਲ ਹੈ। ਦੂਸਰੇ ਉਪਾਵਾਂ ਵਿਚ ਕਿਰਾਏਦਾਰਾਂ ਲਈ ਛੋਟ ਸ਼ਾਮਿਲ ਹੈ ਹਾਲਾਂਕਿ ਇਹ 400 ਡਾਲਰ ਪ੍ਰਤੀ ਸਾਲ ਕਰੈਡਿਟ ਦੇ ਰੂਪ ਵਿਚ ਹੈ ਪਰ ਇਹ ਕਰੈਡਿਟ 2024 ਤਕ ਪ੍ਰਭਾਵੀ ਨਹੀਂ ਹੋਵੇਗਾ। ਪ੍ਰਤੀ ਸਾਲ 60 ਹਜ਼ਾਰ ਡਾਲਰ ਤੋਂ ਘੱਟ ਕਮਾਈ ਕਰਨ ਵਾਲੇ ਪਰਿਵਾਰ ਪੂਰੇ ਕਰੈਡਿਟ ਲਈ ਕਲੇਮ ਕਰ ਸਕਣਗੇ ਜਦਕਿ 80000 ਡਾਲਰ ਤਕ ਕਮਾਈ ਕਰਨ ਵਾਲੇ ਪਰਿਵਾਰ ਅੰਸ਼ਿਕ ਰਕਮ ਲਈ ਕਲੇਮ ਕਰਨ ਦੇ ਯੋਗ ਹੋਣਗੇ।

## ਸੁਪਰੀਮ ਕੋਰਟ ਵਲੋਂ ਬਲਵੰਤ ਸਿੰਘ ਰਾਜੋਆਣਾ ਦੀ ਮੌਤ ਦੀ ਸਜਾ ਉਮਰ ਕੈਦ ਵਿਚ ਤਬਦੀਲ ਕਰਨ ਸੰਬੰਧੀ .ਫੈਸਲਾ ਰਾਖਵਾਂ

ਸ.ਫ਼ਾ 1 ਦੀ ਬਾਕੀ

ਇਸ 'ਤੇ ਰੋਹਤਗੀ ਨੇ ਕਿਹਾ ਸੀ ਕਿ ਉਸ ਦਾ ਮੁਵੱਕਿਲ ਪਿਛਲੇ 26 ਵਰ੍ਹਿਆਂ ਤੋਂ ਜੇਲ੍ਹ ਵਿੱਚ ਬੰਦ ਹੈ ਅਤੇ ਇਹ ਉਸ ਦੇ ਸੰਵਿਧਾਨ ਦੀ ਧਾਰਾ 21 ਅਧੀਨ ਆਉਂਦੇ ਅਧਿਕਾਰਾਂ ਦੀ ਉਲੰਘਣਾ ਹੈ। ਗੌਰਤਲਬ ਹੈ ਕਿ ਸਿਖਰਲੀ ਅਦਾਲਤ ਨੇ ਪਿਛਲੇ ਸਾਲ 28 ਸਤੰਬਰ ਨੂੰ ਰਾਜੋਆਣਾ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਤਬਦੀਲ ਕਰਨ ਦੀ ਅਰਜ਼ੀ 'ਤੇ ਫੈਸਲਾ ਲੈਣ ਵਿੱਚ ਨਾਕਾਮ ਰਹਿਣ 'ਤੇ ਅਸੰਤੁਸ਼ਟੀ ਜ਼ਾਹਰ ਕੀਤੀ ਸੀ। ਰੋਹਤਗੀ ਨੇ ਕਿਹਾ ਸੀ ਕਿ ਰਾਜੋਆਣਾ ਜਨਵਰੀ 1996 ਤੋਂ ਜੇਲ੍ਹ ਵਿੱਚ ਬੰਦ ਹੈ ਅਤੇ ਉਸ ਦੀ ਰਹਿਮ ਦੀ ਅਪੀਲ ਮਾਰਚ 2012 ਤੋਂ ਲਟਕ ਰਹੀ ਹੈ। ਸੁਪਰੀਮ ਕੋਰਟ ਨੇ ਲੰਘੇ ਵਰ੍ਹੇ 2 ਮਈ ਨੂੰ ਕੇਂਦਰ ਨੂੰ ਕਿਹਾ ਸੀ ਕਿ ਉਹ ਰਾਜੋਆਣਾ ਦੀ ਸਜ਼ਾ ਤਬਦੀਲੀ ਸਬੰਧੀ ਅਰਜ਼ੀ 'ਤੇ ਦੋ ਮਹੀਨਿਆਂ ਦੇ ਅੰਦਰ ਫੈਸਲਾ ਕਰੇ।







# ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਨੇ ਗਿਆਨੀ ਗੁਰਦਿੱਤ ਸਿੰਘ ਦਾ ਸ਼ਤਾਬਦੀ ਜਨਮ ਦਿਨ ਮਨਾਇਆ

## ਜੈਤੇਗ ਸਿੰਘ ਅਨੰਤ ਗਿਆਨੀ ਗੁਰਦਿੱਤ ਸਿੰਘ ਯਾਦਗਾਰੀ ਅਵਾਰਡ ਨਾਲ ਸਨਮਾਨਿਤ



ਸਰੀ (ਹਰਦਮ ਮਾਨ)-ਗੁਰਦੁਆਰਾ ਸਾਹਿਬ ਬਰੁੱਕਸਾਈਡ ਵਿਚ ਬਹੁ-ਪੱਖੀ ਤੇ ਬਹੁਰੰਗੀ ਸਖਸ਼ੀਅਤ ਦੇ ਮਾਲਕ ਗਿਆਨੀ ਗੁਰਦਿੱਤ ਸਿੰਘ ਦਾ ਸ਼ਤਾਬਦੀ ਜਨਮ ਦਿਨ ਸਮਾਰੋਹ ਬੜੀ ਸਜਧਜ ਨਾਲ ਮਨਾਇਆ ਗਿਆ। ਸਖ਼ਤ ਬਰਫਬਾਰੀ ਹੋ ਜਾਣ ਦੇ ਬਾਵਜੂਦ ਸਿੱਖ ਸੰਗਤ ਤੇ ਬੁਲਾਰਿਆਂ ਨੇ ਬੜੇ ਉਤਸ਼ਾਹ ਨਾਲ ਸਮਾਗਮ ਵਿਚ ਸ਼ਿਰਕਤ ਕੀਤੀ। ਦਰਸ਼ਕਾਂ ਤੇ ਸੰਗਤ ਦੀ ਸਹੂਲਤ ਲਈ ਲਾਈਵ ਟੈਲੀਕਾਸਟ ਵੀ ਕੀਤਾ ਗਿਆ। ਸਵੇਰ ਤੋਂ ਚੱਲ ਰਹੇ ਪ੍ਰੋਗਰਾਮ ਅਨੁਸਾਰ ਭਾਈ ਪਾਲ ਸਿੰਘ ਪਾਰਸ, ਭਾਈ ਗੁਰਵਿੰਦਰ ਸਿੰਘ ਦਿੱਲੀਵਾਲੇ ਤੇ ਭਾਈ ਇਕਬਾਲ ਸਿੰਘ ਲੁਧਿਆਣਾ ਵਾਲੇ ਰਾਗੀ ਜੱਥਿਆਂ ਨੇ ਰਸਭਿਨੇ ਗੁਰਬਾਣੀ ਕੀਰਤਨ ਨਾਲ ਸੰਗਤ ਨੂੰ ਨਿਹਾਲ ਕੀਤਾ। ਨਿਰਧਾਰਤ ਸਮੇਂ ਅਨੁਸਾਰ ਸ਼ਤਾਬਦੀ ਸਮਾਰੋਹ ਦਾ ਅਰੰਭ ਕਰਦਿਆਂ ਸੁਸਾਇਟੀ ਦੇ ਜਨਰਲ ਸਕੱਤਰ ਚਰਨਜੀਤ ਸਿੰਘ ਮਰਵਾਹਾ ਨੇ ਸਮੂਹ ਸੰਗਤ ਦਾ ਸਵਾਗਤ ਕੀਤਾ ਅਤੇ ਬਹੁਪੱਖੀ ਸ਼ਖ਼ਸੀਅਤ ਗਿਆਨੀ ਗੁਰਦਿੱਤ ਸਿੰਘ ਦਾ ਸ਼ਤਾਬਦੀ ਸਮਾਗਮ ਮਨਾਉਣ ਦੀ ਖੁਸ਼ੀ ਸਾਂਝੀ ਕੀਤੀ। ਪ੍ਰੋਗਰਾਮ ਦੇ ਸ਼ੁਰੂ ਵਿਚ ਗਿਆਨੀ ਗੁਰਦਿੱਤ ਸਿੰਘ ਦੇ ਜੀਵਨ ਨਾਲ ਸੰਬੰਧਤ ਸਲਾਈਡ ਸ਼ੋਅ ਵੱਡੀ ਟੀ.ਵੀ. ਸਕਰੀਨ ਤੇ ਦਿਖਾਇਆ ਗਿਆ ਜਿਸ ਰਾਹੀਂ ਗਿਆਨੀ ਗੁਰਦਿੱਤ ਸਿੰਘ ਦੇ ਜੀਵਨ ਦੇ ਵੱਖ ਵੱਖ ਪਹਿਲੂਆਂ ਬਾਰੇ ਜਾਣਕਾਰੀ ਫੋਟੋਆਂ ਦੇ ਰੂਪ ਵਿਚ ਦ੍ਰਿਸ਼ਟਮਾਨ ਤੇ ਲਿਖਤੀ ਬਿਆਨ ਕਰਦੀ ਸੀ। ਇਹ ਸਲਾਈਡ ਸ਼ੋਅ ਗਿਆਨੀ ਜੀ ਦੇ ਸਪੁੱਤਰ ਰੁਪਿੰਦਰ ਸਿੰਘ ਦੇ ਸਹਿਯੋਗ ਨਾਲ ਚੰਡੀਗੜ੍ਹ ਤੋਂ ਪ੍ਰਾਪਤ ਕੀਤਾ ਗਿਆ ਸੀ ਜਿਸ ਵਿਚ ਸੰਗੀਤ ਰਵੀਕਾਂਤ ਸ਼ਰਮਾ ਦਾ ਸੀ। ਸੁਸਾਇਟੀ ਦੇ ਸਾਬਕਾ ਪ੍ਰਧਾਨ ਸੁਰਿੰਦਰ ਸਿੰਘ ਜੱਬਲ ਨੇ ਮੰਚ ਸੰਭਾਲਦਿਆਂ ਦੱਸਿਆ ਕਿ ਵਿਰਸੇ ਵਿਰਾਸਤ ਨੂੰ ਯਾਦ ਕਰਨ ਦਾ ਕਾਰਜ ਸੁਸਾਇਟੀ ਵੱਲੋਂ ਤਿੰਨ ਕੁ ਸਾਲਾਂ ਤੋਂ ਡਾ.ਹਰਭਜਨ ਸਿੰਘ ਤੇ ਭਾਈ ਰਾਮ ਸਿੰਘ ਆਰਕੀਟੈਕਟ ਦੇ ਜੀਵਨ ਕਾਰਜਾਂ ਨਾਲ ਸ਼ੁਰੂ ਕੀਤਾ ਗਿਆ ਸੀ। ਉਸੇ ਲੜੀ ਅਧੀਨ ਗਿਆਨੀ ਗੁਰਦਿੱਤ ਸਿੰਘ ਦੀ ਜਨਮ ਸ਼ਤਾਬਦੀ ਮਨਾਉਣ ਦੀ ਪਹਿਲਕਦਮੀ ਕੀਤੀ ਹੈ। ਉਨ੍ਹਾ ਗਿਆਨੀ ਗੁਰਦਿੱਤ ਸਿੰਘ ਦੇ ਜੀਵਨ ਕਾਲ ਉੱਤੇ ਪੰਛੀ ਝਾਤ ਮਾਰਦੇ ਹੋਏ ਕਿਹਾ ਕਿ ਉਹ ਆਪਣੇ ਸਮੇਂ ਦੇ ਪੱਤਰਕਾਰ, ਜੀਵਨੀਕਾਰ, ਵਿਆਖਿਆਕਾਰ, ਖੋਜੀ, ਸੰਪਾਦਕ ਤੇ ਵਾਰਤਿਕ ਲੇਖਕ ਹੋਣ ਦੇ ਨਾਲ ਨਾਲ ਇਕ ਉੱਘੀ ਧਾਰਮਿਕ ਤੇ ਸਿਆਸੀ ਸ਼ਖ਼ਸੀਅਤ ਸਨ। ਪੱਤਰਕਾਰੀ ਦੇ ਖੇਤਰ ਵਿਚ ਉਨ੍ਹਾਂ 'ਪ੍ਰਕਾਸ਼' 'ਜੀਵਨ ਸੰਦੇਸ਼' ਤੇ 'ਸਿੰਘ ਸਭਾ ਪੱਤਰਿਕਾ' ਦੀ ਸੰਪਾਦਨਾ ਕੀਤੀ।



ਸਮਾਗਮ ਦੇ ਮੁੱਖ ਮਹਿਮਾਨ ਅਤੇ ਉੱਘੇ ਵਿਦਵਾਨ ਜੈਤੇਗ ਸਿੰਘ ਅਨੰਤ ਨੇ ਗਿਆਨੀ ਗੁਰਦਿੱਤ ਸਿੰਘ ਨਾਲ ਬਿਤਾਏ ਪਲਾਂ ਤੇ ਯਾਦਾਂ ਨੂੰ ਸ੍ਰੋਤਿਆਂ ਨਾਲ ਸਾਂਝਾ ਕਰਦਿਆਂ ਦੱਸਿਆ ਕਿ ਉਹ ਬਹੁਤ ਹੀ ਮਿੱਠ ਬੋਲੜੇ ਸਨ ਅਤੇ ਆਪਣੇ ਤੋਂ ਬਹੁਤ ਛੋਟੀ ਉਮਰ ਵਾਲੇ ਨੂੰ ਵੀ ਉਹ ਜੀ ਕਹਿ ਕੇ ਬੁਲਾਇਆ ਕਰਦੇ ਸਨ। ਉਨ੍ਹਾਂ ਆਪਣਾ ਸਾਰਾ ਜੀਵਨ ਮਾਂ ਬੋਲੀ ਪੰਜਾਬੀ, ਸਾਹਿਤਕ, ਵਾਰਤਿਕ, ਵਿਆਖਿਆ, ਸਮਾਜਿਕ, ਧਾਰਮਿਕ ਤੇ ਪੰਥਕ ਸੇਵਾਵਾਂ ਦੇ ਲੇਖੇ ਲਾਇਆ ਅਤੇ ਸਾਰੀ ਉਮਰ ਕੋਈ ਨੌਕਰੀ ਨਹੀਂ ਕੀਤੀ। ਉਨ੍ਹਾਂ ਸਿੰਘ ਸਭਾ ਸ਼ਤਾਬਦੀ ਕਮੇਟੀ ਲਈ 1973 ਵਿਚ ਸਕੱਤਰ ਵਜੋਂ ਸੇਵਾ ਨਿਭਾਈ ਤੇ 1999 ਵਿਚ ਖਾਲਸੇ ਦੀ ਤੀਜੀ ਸ਼ਤਾਬਦੀ ਸਮੇਂ 50 ਦੇ ਕਰੀਬ ਪੇਪਰਾਂ ਲਈ ਥੀਸਿਜ਼ ਲਿਖੇ। ਉਨ੍ਹਾਂ ਨੂੰ ਬਹੁਤ ਸਾਰੇ ਸਨਮਾਨ ਮਿਲੇ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ 'ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ, ਭਗਤ ਬਾਣੀ ਭਾਗ' ਲਿਖਤਾਂ ਲਈ ਉਨ੍ਹਾਂ ਨੂੰ ਗੁਰਮਤਿ ਆਚਾਰੀਆ ਦੀ ਉਪਾਧੀ ਨਾਲ ਸਤਿਕਾਰਿਆ ਗਿਆ। ਉਨ੍ਹਾਂ ਦੀ ਲਿਖਤ 'ਮੇਰਾ ਪਿੰਡ' ਤੇ 'ਤਿੱਥ ਤਿਉਹਾਰ' ਨੂੰ ਯੂਨੈਸਕੋ ਵੱਲੋਂ ਮਾਣ ਸਨਮਾਨ ਮਿਲਿਆ। ਵਰਲਡ ਸਿੱਖ ਸੰਸਥਾ ਦੇ ਸਾਬਕਾ ਪ੍ਰਧਾਨ ਤੇ ਗੁਰੂ ਨਾਨਕ ਇਸਟੀਚੀਊਟ ਆਫ ਗਲੋਬਲ ਸਟੱਡੀਜ਼ ਦੇ ਫਾਊਂਡਰ ਗਿਆਨ ਸਿੰਘ ਸੰਧੂ ਨੇ ਗਿਆਨੀ ਜੀ ਦੇ ਜੀਵਨ ਤੋਂ ਮਿਲੀ ਪ੍ਰੇਰਨਾ ਤੋਂ ਆਪਾ ਪੜਚੋਲਣ ਦੀ ਯਾਦ ਦੁਆਈ ਤੇ ਆਪਣੇ ਆਪ ਨੂੰ ਜਨਜੀਵਨ ਲਈ ਉਤਸ਼ਾਹਤ ਕਰਨ ਲਈ ਪ੍ਰੇਰਿਆ। ਸਿੱਖ ਨੈਸ਼ਨਲ ਆਰਕਾਈਵਜ਼ ਦੇ ਕਿਊਰੇਟਰ ਅਜੀਤ ਸਿੰਘ ਸਹੋਤਾ ਨੇ ਵੀ ਗਿਅਨੀ ਜੀ ਨੂੰ ਸ਼ਰਧਾਂਜਲੀ ਦਿੰਦੇ ਹੋਇਆਂ ਵਿਰਸੇ ਵਿਰਾਸਤ ਦੀ ਸਾਂਭ ਸੰਭਾਲ ਬਾਰੇ ਉਨ੍ਹਾਂ ਵੱਲੋਂ ਕੀਤੇ ਜਾ ਰਹੇ ਕੰਮਾਂ ਤੇ ਰੌਸ਼ਨੀ ਪਾਈ। ਇਸ ਮੌਕੇ ਗੁਰਦੁਆਰਾ ਸਾਹਿਬ ਬਰੁੱਕਸਾਈਡ ਦੀ ਸਰਪ੍ਰਸਤ ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਵੱਲੋਂ ਇਕ ਮਤਾ ਸੰਗਤ ਵਿਚ ਸਰਬਸੰਮਤੀ ਨਾਲ ਪਾਸ ਕੀਤਾ ਗਿਆ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਮੰਗ ਕੀਤੀ ਗਈ ਕਿ ਗਿਆਨੀ ਜੀ ਦੀਆਂ ਸੇਵਾਵਾਂ ਨੂੰ ਮੁੱਖ ਰੱਖਦੇ ਹੋਇਆਂ ਉਨ੍ਹਾਂ ਦੀ ਤਸਵੀਰ (ਪੋਰਟਰੇਟ) ਸਿੱਖ ਅਜਾਇਬ ਘਰ ਸ੍ਰੀ ਅੰਮ੍ਰਿਤਸਰ ਵਿਚ ਸਜਾਈ ਜਾਵੇ। ਇਸ ਮਤੇ ਦੀ ਤਾਈਦ ਕਰਦਿਆਂ ਸੁਸਾਇਟੀ ਦੇ ਫਾਊਂਡਰ ਪ੍ਰਧਾਨ ਮੋਤਾ ਸਿੰਘ ਝੀਤਾ ਨੇ ਗਿਆਨੀ ਜੀ ਦੇ ਸ਼ਤਾਬਦੀ ਜਨਮ ਦੀ ਵਧਾਈ ਦਿੰਦੇ ਹੋਏ ਸਮਾਜ ਸੇਵਾ ਅਪਨਾਉਣ ਦੀ ਅਪੀਲ ਕੀਤੀ। ਸਮਾਗਮ ਦੇ ਮੁੱਖ ਬੁਲਾਰੇ ਜੈਤੇਗ ਸਿੰਘ ਅਨੰਤ ਨੂੰ ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਵੱਲੋਂ ਗਿਆਨੀ ਗੁਰਦਿੱਤ ਸਿੰਘ ਯਾਦਗਾਰੀ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ। ਅਜੀਤ ਸਿੰਘ ਸਹੋਤਾ, ਗਿਆਨ ਸਿੰਘ ਸੰਧੂ, ਪ੍ਰਿਤਪਾਲ ਸਿੰਘ ਮਹਿਤਾ, ਸੰਦੀਪ ਸਿੰਘ, ਜਰਨੈਲ ਸਿੰਘ ਸਿੱਧੂ ਤੇ ਰਵੀ ਕਾਂਤ ਸ਼ਰਮਾ ਨੂੰ ਸੁਸਾਇਟੀ ਦੇ ਪ੍ਰਬੰਧਕਾਂ ਵੱਲੋਂ ਸਿਰੋਪੇ ਦਿੱਤੇ ਗਏ। ਅੰਤ ਵਿਚ ਸੁਸਾਇਟੀ ਦੇ ਪ੍ਰਧਾਨ ਧਰਮ ਸਿੰਘ ਪਨੇਸਰ ਨੇ ਇਸ ਸਮਾਗਮ ਨੂੰ ਸਫਲ ਕਰਨ ਵਿਚ ਸਾਰੇ ਬੁਲਾਰਿਆਂ ਤੇ ਸੰਗਤ ਦਾ ਸੁਸਾਇਟੀ ਵੱਲੋਂ ਧੰਨਵਾਦ ਕੀਤਾ।


ਓਸ਼ਨ ਵਿਊ ਫਿਸ਼ ਕੈਨਰੀ

OCEAN VIEW FISH CANNERY

ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
- ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।



604-594-0616







# ਤ੍ਰਿਪੁਰਾ ਅਤੇ ਨਾਗਾਲੈਂਡ ਵਿਚ ਭਾਜਪਾ ਗੱਠਜੋੜ ਦੀਆਂ ਮੁੜ ਸਰਕਾਰਾਂ ਬਣੀਆਂ

ਸਫ਼ਾ 1 ਦੀ ਬਾਕੀ

'ਚ ਭਾਵੇਂ ਕਾਮਯਾਬ ਰਿਹਾ ਹੈ ਪਰ ਦੋਵੇਂ ਪਾਰਟੀਆਂ ਨੂੰ 2018 ਦੇ ਮੁਕਾਬਲੇ 'ਚ ਘੱਟ ਸੀਟਾਂ ਮਿਲੀਆਂ ਹਨ। ਟਿਪਰਾ ਮੋਥਾ ਨੇ ਆਦਿਵਾਸੀ ਇਲਾਕਿਆਂ 'ਚ ਗੱਠਜੋੜ ਨੂੰ ਢਾਹ ਲਗਾਈ। ਭਗਵਾ ਪਾਰਟੀ ਨੇ 55 ਸੀਟਾਂ 'ਤੇ ਚੋਣ ਲੜੀ ਸੀ ਅਤੇ ਉਹ 32 ਸੀਟਾਂ ਜਿੱਤਣ 'ਚ ਸਫ਼ਲ ਰਹੀ। ਭਾਜਪਾ ਨੂੰ 38.97 ਫ਼ੀਸਦ ਵੋਟਾਂ ਮਿਲੀਆਂ ਹਨ। ਆਈਪੀਐੱਫਟੀ ਨੂੰ ਸਿਰਫ਼ ਇਕ ਸੀਟ ਮਿਲੀ ਜਦਕਿ ਪੰਜ ਸਾਲ ਪਹਿਲਾਂ ਉਸ ਨੇ ਅੱਠ ਸੀਟਾਂ ਜਿੱਤੀਆਂ ਸਨ। ਸਾਲ 2018 'ਚ ਸੱਤਾ ਤੋਂ ਲਾਂਭੇ ਹੋਈ ਸੀਪੀਐੱਮ ਨੇ ਐਤਕੀਂ 47 'ਚੋਂ 11 ਸੀਟਾਂ 'ਤੇ ਜਿੱਤ ਹਾਸਲ ਕੀਤੀ ਜਦਕਿ ਫਾਰਵਰਡ ਬਲਾਕ, ਸੀਪੀਆਈ ਅਤੇ ਆਰਐੱਸਪੀ ਆਪਣਾ ਖਾਤਾ ਖੋਲ੍ਹਣ 'ਚ ਨਾਕਾਮ ਰਹੀਆਂ। ਸੀਪੀਐੱਮ ਨੇ 2018 'ਚ 16 ਸੀਟਾਂ ਜਿੱਤੀਆਂ ਸਨ। ਕਾਂਗਰਸ ਨੇ ਖੱਬੇ-ਪੱਖੀ ਪਾਰਟੀਆਂ ਨਾਲ ਗੱਠਜੋੜ ਕਰਦਿਆਂ 13 ਸੀਟਾਂ 'ਤੇ ਚੋਣ ਲੜੀ ਸੀ ਅਤੇ ਉਹ ਸਿਰਫ਼ ਤਿੰਨ ਸੀਟਾਂ ਜਿੱਤਣ 'ਚ ਕਾਮਯਾਬ ਰਹੀ। ਉਧਰ ਨਾਗਾਲੈਂਡ 'ਚ ਵੀ ਹੁਕਮਰਾਨ ਐੱਨਡੀਪੀਪੀ-ਭਾਜਪਾ ਗੱਠਜੋੜ ਨੇ 60 ਮੈਂਬਰੀ ਵਿਧਾਨ ਸਭਾ ਲਈ ਹੋਈਆਂ ਚੋਣਾਂ 'ਚ 37 ਸੀਟਾਂ 'ਤੇ ਜਿੱਤ ਹਾਸਲ ਕੀਤੀ ਹੈ। ਨੈਸ਼ਨਲਿਸਟ ਡੈਮੋਕਰੈਟਿਕ ਪ੍ਰੋਗਰੈਸਿਵ ਪਾਰਟੀ ਨੇ 25 ਅਤੇ ਗੱਠਜੋੜ ਭਾਈਵਾਲ ਨੇ 12 ਸੀਟਾਂ ਜਿੱਤੀਆਂ ਹਨ। ਕਾਂਗਰਸ ਇਥੇ ਖਾਤਾ ਖੋਲ੍ਹਣ 'ਚ ਨਾਕਾਮ ਰਹੀ। ਨਾਗਾ ਪੀਪਲਜ਼ ਫਰੰਟ ਨੂੰ 2, ਨੈਸ਼ਨਲਿਸਟ ਕਾਂਗਰਸ ਪਾਰਟੀ ਨੂੰ 7, ਨੈਸ਼ਨਲ ਪੀਪਲਜ਼ ਪਾਰਟੀ ਨੂੰ 5, ਆਜ਼ਾਦ 4, ਜਨਤਾ ਦਲ (ਯੂਨਾਈਟਿਡ) ਨੂੰ ਇਕ, ਰਿਪਬਲਕਿਨ ਪਾਰਟੀ ਆਫ਼ ਇੰਡੀਆ (ਅਠਾਵਲੇ) ਅਤੇ ਨੈਸ਼ਨਲ ਪੀਪਲਜ਼ ਫਰੰਟ ਨੂੰ 2-2 ਸੀਟਾਂ ਮਿਲੀਆਂ ਹਨ। ਮੇਘਾਲਿਆ



'ਚ ਕਿਸੇ ਵੀ ਪਾਰਟੀ ਨੂੰ ਸਪੱਸ਼ਟ ਬਹੁਮਤ ਨਹੀਂ ਮਿਲਿਆ। ਉਂਜ ਹੁਕਮਰਾਨ ਨੈਸ਼ਨਲ ਪੀਪਲਜ਼ ਪਾਰਟੀ (ਐੱਨਪੀਪੀ) ਸਭ ਤੋਂ ਵੱਡੀ ਪਾਰਟੀ ਬਣ ਕੇ ਉਭਰੀ ਅਤੇ ਉਸ ਨੇ 59 'ਚੋਂ 26 ਸੀਟਾਂ ਜਿੱਤੀਆਂ। ਮੇਘਾਲਿਆ ਦੇ ਮੁੱਖ ਮੰਤਰੀ ਕੋਨਰਾਡ ਕੇ ਸੰਗਮਾ ਨੇ ਨਵੀਂ ਸਰਕਾਰ ਬਣਾਉਣ ਲਈ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਤੋਂ ਹਮਾਇਤ ਮੰਗੀ ਹੈ। ਭਾਜਪਾ ਨੇ ਦੋ ਸੀਟਾਂ 'ਤੇ ਜਿੱਤ ਹਾਸਲ ਕੀਤੀ ਅਤੇ ਉਸ ਨੇ ਕਿਹਾ ਹੈ ਕਿ ਉਸ ਦੇ ਵਿਧਾਇਕ ਐੱਨਪੀਪੀ ਨੂੰ ਹਮਾਇਤ ਦੇਣਗੇ। ਸੰਗਮਾ ਸਰਕਾਰ 'ਚ ਐੱਨਪੀਪੀ ਦੀ ਭਾਈਵਾਲ ਰਹੀ ਯੂਨਾਈਟਿਡ ਡੈਮੋਕਰੈਟਿਕ ਪਾਰਟੀ ਨੇ 11 ਸੀਟਾਂ ਜਿੱਤੀਆਂ। ਕਾਂਗਰਸ ਅਤੇ ਮਮਤਾ ਬੈਨਰਜੀ ਦੀ ਅਗਵਾਈ ਹੇਠਲੀ ਟੀਐੱਮਸੀ ਨੂੰ ਪੰਜ-ਪੰਜ ਸੀਟਾਂ ਮਿਲੀਆਂ ਹਨ। ਨਵੀਂ ਬਣੀ ਵੁਆਇਸ ਆਫ਼ ਪੀਪਲ ਪਾਰਟੀ ਨੇ ਚਾਰ, ਹਿੱਲ ਸਟੇਟ ਪੀਪਲਜ਼ ਡੈਮੋਕਰੈਟਿਕ ਪਾਰਟੀ, ਪੀਪਲਜ਼ ਡੈਮੋਕਰੈਟਿਕ ਫਰੰਟ ਨੇ ਦੋ-ਦੋ ਅਤੇ ਦੋ ਆਜ਼ਾਦ ਉਮੀਦਵਾਰਾਂ ਨੇ ਸੀਟਾਂ ਜਿੱਤੀਆਂ ਹਨ।





WE HAVE MOVED TO BIGGER & BETTER LOCATION
#208-7110-120TH ST, SURREY

ICBC
NO WIN NO FEE
WE DO HOME & HOSPITAL VISITS

Your Lawyers,
Because We Care

- Criminal Law
- Divorce Cases
- Immigration Law
- Notary Services

Singh Thind and Associates
BARRISTERS & SOLICITORS

#208 7110 120TH ST,
SURREY, BC V3W 3M8
Tel: 604.543.3886
Toll Free 1.866.543.3886

WWW.SINGHTHINDLAW.COM



# ਗ੍ਰੀਸ ਵਿਚ ਦੋ ਰੇਲਗਡੀਆਂ ਦੀ ਸਿੱਧੀ ਟੱਕਰ 'ਚ 32 ਦੀ ਮੌਤ-ਕਈ ਜ਼ਖਮੀ

ਏਥਨਜ਼-ਗ੍ਰੀਸ ਵਿਚ ਮੰਗਲਵਾਰ ਦੇਰ ਰਾਤ ਦੋ ਟਰੇਨਾਂ ਦੀ ਆਹਮੋ-ਸਾਹਮਣੇ ਟੱਕਰ ਹੋ ਗਈ, ਜਿਸ ਕਾਰਨ ਘੱਟੋ-ਘੱਟ 32 ਲੋਕਾਂ ਦੀ ਮੌਤ ਹੋ ਗਈ ਅਤੇ 85 ਹੋਰ ਜ਼ਖਮੀ ਹੋ ਗਏ। ਰਾਈਟਰਜ ਅਨੁਸਾਰ, ਕਈ ਦਹਾਕਿਆਂ ਵਿਚ ਗ੍ਰੀਸ ਵਿਚ ਇਸ ਸਭ ਤੋਂ ਘਾਤਕ ਰੇਲ ਹਾਦਸੇ ਦਾ ਕਾਰਨ ਅਜੇ ਸਪੱਸ਼ਟ ਨਹੀਂ ਹੈ। ਥੇਸਾਲੀ ਖੇਤਰ ਦੇ ਗਵਰਨਰ ਨੇ ਕਿਹਾ ਕਿ ਏਥਨਜ਼ ਤੋਂ ਉੱਤਰੀ ਸ਼ਹਿਰ ਥੇਸਾਲੋਨੀਕੀ ਜਾ ਰਹੀ ਇਕ ਇੰਟਰਸਿਟੀ ਯਾਤਰੀ ਰੇਲਗੱਡੀ ਮੱਧ ਗ੍ਰੀਸ ਦੇ ਲਾਰੀਸਾ ਸਹਿਰ ਦੇ ਬਾਹਰ ਤੇਜ ਰਫਤਾਰ ਨਾਲ ਇੱਕ ਮਾਲ ਗੱਡੀ ਨਾਲ ਟਕਰਾ ਗਈ। ਇਸ ਕਾਰਨ ਕਈ ਯਾਤਰੀ ਡੱਬਿਆਂ ਨੂੰ ਅੱਗ ਲੱਗ ਗਈ, ਜਿਸ ਕਾਰਨ ਕਈ ਯਾਤਰੀਆਂ ਨੂੰ ਹਸਪਤਾਲ ਪਹੁੰਚਾਇਆ ਗਿਆ। ਇਕ 28 ਸਾਲਾ ਯਾਤਰੀ, ਸਟਰਜੀਓਸ ਮਿਨੇਨਿਸ, ਜੋ ਮਲਬੇ ਵਿਚੋਂ ਸੁਰੱਖਿਅਤ ਨਿੱਕਲਿਆ, ਨੇ ਕਿਹਾ, ਅਸੀਂ ਇੱਕ ਬਹੁਤ ਵੱਡਾ ਧਮਾਕਾ ਸੁਣਿਆ, ਇਹ ਇੱਕ ਭਿਆਨਕ ਸੁਪਨੇ ਵਰਗਾ ਸੀ। ਅਸੀਂ ਡਿੱਗਣ ਤੱਕ ਗੱਡੀ ਵਿੱਚ ਉਛਾਲ ਰਹੇ ਸੀ। ਫਿਰ ਦਹਿਸ਼ਤ ਫੈਲ ਗਈ। ਹਰ ਪਾਸੇ ਅੱਗ ਸੀ, ਜਿਵੇਂ ਹੀ ਅਸੀਂ ਪਿੱਛੇ ਮੁੜੇ, ਸਾਨੂੰ ਅੱਗ ਲੱਗ ਗਈ, ਖੱਬੇ ਅਤੇ ਸੱਜੇ ਅੱਗ ਸੀ।" ਥੇਸਾਲੀ ਦੇ ਖੇਤਰੀ ਗਵਰਨਰ ਕੋਨਸਟੈਂਟੀਨੋਸ ਐਗੋਰਸਟੋਸ ਨੇ ਦੱਸਿਆ ਕਿ ਹਾਦਸੇ ਵਿਚ ਯਾਤਰੀ ਰੇਲਗੱਡੀ ਦੀਆਂ ਪਹਿਲੀਆਂ ਚਾਰ ਬੋਗੀਆਂ ਪਟੜੀ ਤੋਂ ਉਤਰ ਗਈਆਂ, ਜਦੋਂ ਕਿ ਪਹਿਲੀਆਂ ਦੋ ਡੱਬੀਆਂ, ਜਿਨ੍ਹਾਂ ਵਿੱਚ ਅੱਗ ਲੱਗ ਗਈ, ਲਗਭਗ ਪੂਰੀ ਤਰ੍ਹਾਂ ਤਬਾਹ ਹੋ ਗਈਆਂ। ਉਨ੍ਹਾਂ ਦੱਸਿਆ ਕਿ ਦੋਵੇਂ ਟਰੇਨਾਂ ਇੱਕੋ ਟ੍ਰੈਕ 'ਤੇ ਇੱਕ ਦੂਜੇ ਵੱਲ ਆ ਗਈਆਂ। ਜਿਸ ਕਾਰਣ ਹਾਦਸਾ ਹੋਇਆ।

## ਸੂਪ ਪੌਟ 'ਚੋਂ ਮਿਲੀ ਹਾਂਗਕਾਂਗ ਮਾਡਲ ਦੀ ਲਾਪਤਾ ਖੋਪੜੀ, ਫਰੀਜ਼ਰ ਵਿਚ ਮਿਲੇ ਸਨ ਸਰੀਰ ਦੇ ਅੰਗ

ਹਾਂਗਕਾਂਗ-ਹਾਂਗਕਾਂਗ ਦੀ 28 ਸਾਲਾ ਮਾਡਲ ਅਤੇ ਸੋਸ਼ਲ ਮੀਡੀਆ ਇਨਫਲੂਐਂਸਰ ਐਬੀ ਚੋਈ ਪਿਛਲੇ ਮੰਗਲਵਾਰ ਲਾਪਤਾ ਹੋ ਗਈ ਸੀ। ਦੋ ਦਿਨ ਬਾਅਦ, ਸ਼ਹਿਰ



ਦੇ ਤਾਈ ਪੋ ਜ਼ਿਲੇ ਦੇ ਇਕ ਘਰ ਦੇ ਫਰਿਜ ਵਿਚ ਲਾਸ਼ ਦੇ ਟੁਕੜੇ ਮਿਲੇ। ਅਧਿਕਾਰੀਆਂ ਮੁਤਾਬਕ ਘਰ ਵਿੱਚ ਇਕ ਇਲੈਕਟ੍ਰਿਕ ਆਰਾ, ਇਕ ਮੀਟ ਕਟਰ ਅਤੇ ਕੁਝ ਕੱਪੜੇ ਵੀ ਸਨ। ਹਾਲਾਂਕਿ ਉਸ ਦਾ ਸਿਰ, ਧੜ ਅਤੇ ਹੱਥ ਗਾਇਬ ਸਨ। ਹੁਣ, ਪੁਲਿਸ ਨੂੰ ਇਕ ਵੱਡੇ ਸੂਪ ਪੌਟ ਵਿਚ ਉਸਦਾ ਗੁੰਮ ਹੋਇਆ ਸਿਰ ਮਿਲਿਆ ਹੈ। ਇਸ ਦੇ ਨਾਲ ਹੀ ਮਨੁੱਖੀ ਅਵਸ਼ੇਸ਼ਾਂ ਵਾਲਾ ਇਕ ਵੱਡਾ ਬਰਤਨ ਵੀ ਬਰਾਮਦ ਹੋਇਆ ਹੈ। ਮਾਮਲੇ ਦੀ ਜਾਂਚ ਕਰ ਰਹੇ ਸੁਪਰਡੈਂਟ ਐਲਨ ਚੁੰਗ ਨੇ ਕਿਹਾ ਕਿ ਸਿਰ 'ਤੇ ਕੋਈ ਚਮੜੀ ਜਾਂ ਮਾਸ ਨਹੀਂ ਸੀ ਅਤੇ ਉਹ ਗਾਜਰ ਅਤੇ ਮੂਲੀ ਵਰਗੇ ਸੂਪ ਦੇ ਟੁਕੜਿਆਂ ਨਾਲ ਤਰਲ ਪਦਾਰਥ ਤੈਰ ਰਿਹਾ ਸੀ। ਇਕ ਪ੍ਰੈੱਸ ਕਾਨਫਰੰਸ ਦੌਰਾਨ ਉਨ੍ਹਾਂ ਕਿਹਾ, 'ਤਰਲ ਬਰਤਨ ਦੇ ਉੱਪਰ ਤੱਕ ਸੀ ਅਤੇ ਇਹ ਕਹਿਣਾ ਜ਼ਿਆਦਾ ਸਹੀ ਹੋਵੇਗਾ ਕਿ ਪੂਰਾ ਬਰਤਨ ਭਰਿਆ ਹੋਇਆ ਸੀ।' ਜੈਲੀ ਅਤੇ ਟਾਪ ਦੇ ਰੂਪ ਵਿਚ ਬਹੁਤ ਸਾਰੀ ਚਰਬੀ ਠੋਸ ਹੋ ਗਈ ਸੀ, ਅਤੇ ਬਹੁਤ ਸਾਰੇ ਸੂਪ ਸਕ੍ਰੈਪ ਸਨ। ਬਰਤਨ ਵਿਚ ਹੋਰ ਬਾਰੀਕ ਮੀਟ ਸੀ, ਜਿਸ ਬਾਰੇ ਮੈਂ ਵਿਸਵਾਸ ਕਰਦਾ ਹਾਂ ਕਿ ਮਨੁੱਖੀ ਅਵਸ਼ੇਸ਼ ਸਨ। ਸਿਰ ਬਾਰੇ ਉਨ੍ਹਾਂ ਦੱਸਿਆ ਕਿ ਇਹ ਅਸਲ ਵਿਚ ਇਕ ਖੋਪੜੀ ਹੈ, ਇਸ 'ਤੇ ਕੋਈ ਚਮੜੀ ਜਾਂ ਮਾਸ ਨਹੀਂ ਹੈ, ਇਸ ਲਈ ਅਸਲ ਵਿਚ ਇਹ ਵਾਲਾਂ ਵਾਲੀ ਇਕ ਖੋਪੜੀ ਹੈ। ਹਾਂਗਕਾਂਗ ਪੁਲਿਸ ਨੇ ਇਸ ਘਿਨਾਉਣੇ ਕਤਲ ਦੇ ਸਬੰਧ ਵਿੱਚ ਚਾਰ ਲੋਕਾਂ ਨੂੰ ਚਾਰਜ ਕੀਤਾ ਹੈ।

# ਅਮਰੀਕਾ, ਬ੍ਰਿਟੇਨ, ਕੈਨੇਡਾ ਸਮੇਤ 7 ਦੇਸ਼ਾਂ ਨੇ ਦਿੱਤਾ ਮੋਦੀ ਸਰਕਾਰ ਨੂੰ ਇਕ ਹੋਰ ਝਟਕਾ!

ਵਾਸ਼ਿੰਗਟਨ-ਜੀ-20 ਦੀ ਮੇਜ਼ਬਾਨੀ ਕਰ ਰਹੇ ਭਾਰਤ ਨੂੰ ਇੱਕ ਹੋਰ ਝਟਕਾ ਲੱਗਾ ਹੈ। ਸੂਤਰਾਂ ਮੁਤਾਬਕ ਸੱਤ ਦੇਸ਼ਾਂ ਦੇ ਸਮੂਹ (ਜੀ-7) ਦੇਸ਼ਾਂ ਨੇ ਰੂਸ ਨਾਲ ਤਿੱਖੇ ਮਤਭੇਦਾਂ ਕਾਰਨ 'ਫੈਮਿਲੀ ਫੋਟੋ' ਵਿਚ ਸ਼ਾਮਲ ਹੋਣ ਤੋਂ ਇਨਕਾਰ ਕਰ ਦਿੱਤਾ ਹੈ। ਇਸ ਤੋਂ ਪਹਿਲਾਂ ਜਾਪਾਨ ਅਤੇ ਦੱਖਣੀ ਕੋਰੀਆ ਵਰਗੇ ਮਹੱਤਵਪੂਰਨ ਦੇਸ਼ਾਂ ਦੇ ਵਿਦੇਸ਼ ਮੰਤਰੀਆਂ ਨੇ ਯੂਕਰੇਨ ਮੁੱਦੇ 'ਤੇ ਮਤਭੇਦਾਂ ਦੇ ਕਾਰਨ ਨਿੱਜੀ ਕਾਰਨਾਂ ਦਾ ਹਵਾਲਾ ਦਿੰਦੇ ਹੋਏ ਬੈਠਕ 'ਚ ਸ਼ਾਮਲ ਹੋਣ ਤੋਂ ਇਨਕਾਰ ਕਰ ਦਿੱਤਾ ਹੈ। ਰਿਪੋਰਟ ਮੁਤਾਬਕ ਦਿੱਲੀ 'ਚ ਚੱਲ ਰਹੀ ਜੀ-20 ਬੈਠਕ 'ਚ ਹਿੱਸਾ ਲੈ ਰਹੇ ਸਮੂਹ 7 ਦੇਸ਼ਾਂ ਦੇ ਵਿਦੇਸ਼ ਮੰਤਰੀ ਰੂਸ ਦੇ ਵਿਦੇਸ਼ ਮੰਤਰੀ ਸਰਗੇਈ ਲਾਵਰੋਵ ਨਾਲ ਫੋਟੋ ਫ੍ਰੇਮ ਸ਼ੇਅਰ ਕਰਨ ਲਈ ਤਿਆਰ ਨਹੀਂ ਹੋਣਗੇ। ਇਹ ਲਗਾਤਾਰ ਦੂਜੀ ਵਾਰ ਹੈ ਜਦੋਂ ਜੀ-20 ਵਿਦੇਸ਼ ਮੰਤਰੀਆਂ ਦੀ ਬੈਠਕ 'ਚ ਰਵਾਇਤੀ ਫੋਟੋ ਸੈਸ਼ਨ ਨਹੀਂ ਹੋਵੇਗਾ। ਜੀ-7 ਦੇਸ਼ਾਂ ਵਿਚ ਅਮਰੀਕਾ, ਬ੍ਰਿਟੇਨ, ਕੈਨੇਡਾ, ਫਰਾਂਸ, ਜਰਮਨੀ, ਇਟਲੀ ਅਤੇ ਜਾਪਾਨ ਸ਼ਾਮਲ ਹਨ। ਸੂਤਰਾਂ ਮੁਤਾਬਕ ਜੀ-7 ਨੇ ਇਹ ਫੈਸਲਾ ਯੂਕਰੇਨ 'ਚ ਰੂਸੀ ਹਮਲੇ ਅਤੇ ਰੂਸ ਨਾਲ ਤਿੱਖੇ ਮਤਭੇਦਾਂ ਕਾਰਨ ਲਿਆ ਹੈ। ਸੂਤਰਾਂ ਮੁਤਾਬਕ ਜੀ-7 ਦੇਸ਼ਾਂ ਨੇ ਫੈਸਲਾ ਕੀਤਾ ਹੈ ਕਿ ਉਹ ਰੂਸੀ ਵਿਦੇਸ਼ ਮੰਤਰੀ ਸਰਗੇਈ ਲਾਵਰੋਵ ਦਾ ਜੀ-20 ਸੈਸ਼ਨ ਨੂੰ ਸੰਬੋਧਨ ਕਰਨ ਸਮੇਂ ਬਾਈਕਾਟ ਨਹੀਂ ਕਰਨਗੇ। ਸਗੋਂ ਉਨ੍ਹਾਂ ਦੇ ਮੰਤਰੀ ਉਨ੍ਹਾਂ ਸੈਸ਼ਨਾਂ ਦੌਰਾਨ ਉੱਥੇ ਹੀ ਰਹਿਣਗੇ ਪਰ ਗਰੁੱਪ ਫੋਟੋਆਂ ਵਿੱਚ ਹਿੱਸਾ ਨਾ ਲੈ ਕੇ ਰੂਸ ਨੂੰ ਅਲੱਗ-ਥਲੱਗ ਕਰਨ ਪ੍ਰਤੀ ਆਪਣਾ ਸਟੈਂਡ ਜ਼ਾਹਰ ਕਰਨਗੇ। ਇਸ ਤੋਂ




ਪਹਿਲਾਂ 2022 'ਚ ਇੰਡੋਨੇਸ਼ੀਆ ਦੇ ਬਾਲੀ 'ਚ ਹੋਈ ਜੀ-20 ਕਾਨਫਰੰਸ 'ਚ ਜੀ-7 ਦੇਸ਼ਾਂ ਦੇ ਵਿਦੇਸ਼ ਮੰਤਰੀਆਂ ਨੇ ਪਰਿਵਾਰਕ ਫੋਟੋ 'ਚ ਹਿੱਸਾ ਲੈਣ ਤੋਂ ਇਨਕਾਰ ਕਰ ਦਿੱਤਾ ਸੀ। ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੀ ਬਜਾਏ ਰੂਸ ਦੇ ਵਿਦੇਸ਼ ਮੰਤਰੀ ਲਾਵਰੋਵ ਦੇ ਸੰਮੇਲਨ ਵਿੱਚ ਸ਼ਾਮਲ ਹੋਣ ਦੇ ਬਾਵਜੂਦ, ਇੰਡੋਨੇਸ਼ੀਆ ਵਿੱਚ ਪੂਰੇ ਸੰਮੇਲਨ ਦੌਰਾਨ ਇੱਕ ਵੀ ਪਰਿਵਾਰਕ ਫੋਟੋ ਸੈਸ਼ਨ ਨਹੀਂ ਹੋਇਆ।





# ਐਮ ਪੀ ਰਣਦੀਪ ਸਿੰਘ ਸਰਾਏ ਤੇ ਕੈਨੇਡੀਅਨ ਕਮੇਟੀ ਵਲੋਂ ਪੋਲੈਂਡ ਵਿਚ ਯੂਕਰੇਨ ਅੰਬੈਸਡਰ ਨਾਲ ਵਿਚਾਰਾਂ

ਓਟਵਾ- ਕੈਨੇਡਾ ਦੀ ਵਿਦੇਸ਼ ਮਾਮਲਿਆਂ ਤੇ ਅੰਤਰਰਾਸ਼ਟਰੀ ਵਿਕਾਸ ਬਾਰੇ ਸਟੈਂਡਿੰਗ ਕਮੇਟੀ ਦੇ ਮੈਂਬਰ ਵਜੋਂ ਸਰੀ ਸੈਂਟਰ ਤੋ ਲਿਬਰਲ ਐਮ ਪੀ ਸ ਰਣਦੀਪ ਸਿੰਘ ਸਰਾਏ ਕੈਨੇਡਾ ਦੇ ਭਾਈਵਾਲ ਮੁਲਕਾਂ ਸਵੀਡਨ, ਬੈਲਜ਼ੀਅਮ, ਪੋਲੈਂਡ ਅਤੇ ਫਿਨਲੈਂਡ ਦੇ 10 ਦਿਨਾਂ ਦੌਰੇ ਤੇ ਹਨ। ਸ ਸਰਾਏ ਨੇ ਕਮੇਟੀ ਦੇ ਯੂਰਪੀਅਨ ਦੌਰੇ ਦੇ 8ਵੇਂ ਦਿਨ ਪੋਲੈਂਡ ਤੋ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਹੈ ਕਿ ਸਟੈਂਡਿੰਗ ਕਮੇਟੀ ਨੇ ਉਕਤ ਮੁਲਕਾਂ ਦਾ ਦੌਰਾ ਕਰਦਿਆਂ ਰੂਸ-ਯੂਕਰੇਨ ਵਿਚਾਲੇ ਚੱਲ ਰਹੀ ਜੰਗ, ਜੰਗ ਦੇ ਹਾਲਾਤ ਅਤੇ ਸੁਰੱਖਿਆ ਤੇ ਸ਼ਾਂਤੀ ਲਈ ਕੋਸ਼ਿਸ਼ਾਂ ਵਿਚਾਲੇ ਆ ਰਹੀਆਂ ਸਮੱਸਿਆਵਾਂ ਬਾਰੇ ਵਿਚਾਰਾਂ ਕੀਤੀਆਂ। ਕਮੇਟੀ ਨੇ ਪੋਲੈਂਡ ਵਿਖੇ ਆਪਣੇ ਠਹਿਰਾਅ ਦੌਰਾਨ ਪੋਲੈਂਡ ਵਿਚ ਯੂਕਰੇਨ ਦੇ ਅੰਬੈਸਡਰ ਨਾਲ ਮੁਲਾਕਾਤ ਕੀਤੀ। ਕੈਨੇਡਾ ਸਰਕਾਰ ਵਲੋਂ ਯੂਕਰੇਨ ਨੂੰ ਹਰ ਤਰਾਂ ਦੀ ਸਹਾਇਤਾ ਦਾ ਭਰੋਸਾ ਦਿੱਤਾ।ਇਸ ਦੌਰਾਨ ਪੋਲੈਂਡ ਕੈਨੇਡਾ ਪਾਰਲੀਮੈਂਟਰੀ ਫਰੈਂਡਸ਼ਿਪ ਗਰੁਪ ਨਾਲ ਵੀ ਮੁਲਾਕਾਤ ਕੀਤੀ। ਇਸ ਦੌਰਾਨ ਡਿਪਟੀ ਵਿਦੇਸ਼ ਮੰਤਰੀ ਵੌਜਸੈਚ ਗੇਰਵਲ ਤੇ ਹੋਰ ਪ੍ਰਤੀਨਿਧਾਂ ਨਾਲ ਵਿਚਾਰ ਚਰਚਾ ਕੀਤੀ।

# ਬੀ.ਸੀ. ਤੇ ਫੈਡਰਲ ਸਰਕਾਰ ਵਿਚਾਲੇ 27 ਬਿਲੀਅਨ ਡਾਲਰ ਦੀ ਹੈਲਥ ਫੰਡਿੰਗ ਲਈ ਸਮਝੌਤਾ

ਲੈਂਗਲੀ-ਬੀ.ਸੀ ਸਰਕਾਰ ਨੇ ਅੱਜ ਇਥੇ ਫੈਡਰਲ ਸਰਕਾਰ ਨਾਲ £27-ਬਿਲੀਅਨ ਦਾ ਸਿਹਤ ਫੰਡਿੰਗ ਦਾ ਪ੍ਰਸਤਾਵ ਸਵੀਕਾਰ ਕਰ ਲਿਆ ਹੈ। ਇਹ ਸਮਝੌਤਾ ਟਰੂਡੋ ਸਰਕਾਰ ਵਲੋ ਐਲਾਨੇ ਅਗਲੇ 10 ਸਾਲਾਂ ਦੌਰਾਨ £196-ਬਿਲੀਅਨ ਡਾਲਰ ਦੇ ਸਿਹਤ-ਸੰਭਾਲ ਫੰਡਿੰਗ ਪ੍ਰਸਤਾਵ ਦਾ ਪਹਿਲਾ ਕਦਮ ਹੈ। ਇਥੇ ਬੁੱਧਵਾਰ ਨੂੰ ਲੈਂਗਲੀ ਵਿੱਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨਾਲ ਪ੍ਰੀਮੀਅਰ ਈਬੀ ਨੇ ਇਸ ਸਮਝੌਤੇ ਸਬੰਧੀ ਐਲਾਨ ਕੀਤਾ। ਕਵਾਂਟਲੇਨ ਪੌਲੀਟੈਕਨਿਕ ਯੂਨੀਵਰਸਿਟੀ (ਕੇਪੀਯੂ) ਦੇ ਨਰਸਿੰਗ ਸਕੂਲ ਦੇ ਕਲਾਸਰੂਮ ਵਿਖੇ ਪ੍ਰੀਮੀਅਰ ਈਬੀ ਨੇ ਕਿਹਾ ਕਿ ਇਹ ਪੈਸਾ ਪ੍ਰਾਂਤ ਵਿੱਚ ਐਮਰਜੈਂਸੀ ਸੈਂਟਰਾਂ ਤੇ ਭਾਰੀ ਦਬਾਅ ਵਾਲੇ ਹਸਪਤਾਲਾਂ ਦੀ ਸਹਾਇਤਾ ਲਈ ਦਿੱਤਾ ਜਾਵੇਗਾ। ਫੈਡਰਲ ਸਰਕਾਰ ਨਾਲ ਇਹ ਸਮਝੌਤਾ ਬੀ ਸੀ ਦੀ ਵਿੱਤ ਮੰਤਰੀ ਕੈਟਰੀਨ ਕੋਨਰੋਏ ਵਲੋ ਪੇਸ਼ ਕੀਤੇ ਸੂਬਾਈ ਬਜਟ ਦੇ ਇਕ ਦਿਨ ਬਾਦ ਕੀਤਾ ਗਿਆ ਹੈ ਜਿਸ ਵਿਚ ਸੂਬੇ ਵਿਚ ਅਗਲੇ ਤਿੰਨ ਸਾਲਾਂ ਵਿੱਚ ਸਿਹਤ ਪ੍ਰਣਾਲੀ ਵਿਚ £ 6.4 ਬਿਲੀਅਨ ਹੋਰ ਖਰਚੇ ਜਾਣ ਦਾ ਵਾਅਦਾ ਕੀਤਾ ਗਿਆ ਹੈ। ਪ੍ਰਧਾਨ ਮੰਤਰੀ ਦੁਆਰਾ ਕੈਨੇਡਾ ਦੇ ਪ੍ਰੀਮੀਅਰਾਂ ਨੂੰ ਦਿੱਤੀ ਗਈ ਪੇਸ਼ਕਸ਼ ਵਿੱਚ ਤੁਰੰਤ £2 ਬਿਲੀਅਨ ਦਾ ਸਿਹਤ ਟ੍ਰਾਂਸਫਰ ਅਤੇ ਅਗਲੇ ਪੰਜ ਸਾਲਾਂ ਵਿੱਚ ਪੰਜ ਪ੍ਰਤੀਸ਼ਤ ਦਾ ਸਾਲਾਨਾ ਵਾਧਾ ਸ਼ਾਮਲ ਹੈ, ਪਰ ਇਹ ਸਿਰਫ ਤਾਂ ਹੀ ਜੇਕਰ ਹਰੇਕ ਸੂਬਾ ਸ਼ਰਤਾਂ ਨਾਲ ਸਹਿਮਤ ਹੁੰਦਾ ਹੈ, ਜਿਸ ਵਿੱਚ ਸਿਹਤ ਡਾਟਾ ਇਕੱਠਾ ਕਰਨਾ ਵੀ ਸ਼ਾਮਲ ਹੈ। ਬੀ ਸੀ ਲਈ, ਈਬੀ ਨੇ ਲੰਬੇ ਸਮੇਂ ਦੀ ਦੇਖਭਾਲ ਅਤੇ ਮਾਨਸਿਕ-ਸਿਹਤ ਦੇਖਭਾਲ 'ਤੇ ਸੰਘੀ ਸਰਕਾਰ ਨਾਲ ਸਾਂਝੀਆਂ ਤਰਜੀਹਾਂ ਨੂੰ ਲਾਗੂ ਕਰਨ ਬਾਰੇ ਗੱਲ ਕੀਤੀ। ਇਸ ਮੌਕੇ ਟਰੂਡੋ ਨੇ ਕਿਹਾ ਕਿ ਇਹ ਯੋਜਨਾ ਵੱਡਾ ਨਿਵੇਸ਼ ਕਰੇਗੀ, ਪਰ ਅਸੀਂ ਜਾਣਦੇ ਹਾਂ ਕਿ ਸਿਰਫ਼ ਪੈਸਾ ਹੀ ਸਭ ਕੁਝ ਨਹੀ ਹੁੰਦਾ, ਇਸੇ ਕਰਕੇ ਦੁਵੱਲੇ ਸੌਦਿਆਂ ਦਾ ਉਦੇਸ਼ ਅਸਲ ਸੁਧਾਰ ਜੋ ਲੋਕ ਦੇਖ ਅਤੇ ਮਹਿਸੂਸ ਕਰ ਸਕਦੇ ਹਨ ਪ੍ਰਦਾਨ ਕਰਨਾ ਹੈ। ਉਹਨਾਂ ਕਿਹਾ ਹੈ ਕਿ ਸੂਬਿਆਂ ਨੂੰ ਨਵੇਂ ਪੈਸਿਆਂ ਲਈ ਖਾਸ ਯੋਜਨਾਵਾਂ ਬਣਾਉਣੀਆਂ ਚਾਹੀਦੀਆਂ ਹਨ ਅਤੇ ਇਹ ਸਾਬਤ ਕਰਨਾ ਚਾਹੀਦਾ ਹੈ ਕਿ ਉਹਨਾਂ ਦੀ ਸਿਹਤ ਪ੍ਰਣਾਲੀ ਵਿੱਚ ਸੁਧਾਰ ਹੋ ਰਿਹਾ ਹੈ।
















# ਪੰਜਾਬ ਵਿਧਾਨ ਸਭਾ ਦਾ ਬਜਟ ਇਜਲਾਸ ਹੰਗਾਮਿਆਂ ਭਰਿਆ ਰਹਿਣ ਦੀ ਸੰਭਾਵਨਾ

ਚੰਡੀਗੜ੍ਹ-ਪੰਜਾਬ ਦੀ 16ਵੀਂ ਵਿਧਾਨ ਸਭਾ ਦਾ ਬਜਟ ਇਜਲਾਸ ਸਿਆਸੀ ਤਲਖ਼ ਮਾਹੌਲ ਦੌਰਾਨ ਭਲਕੇ ਸ਼ੁਰੂ ਹੋ ਰਿਹਾ ਹੈ ਜਿਹੜਾ 24 ਮਾਰਚ ਤੱਕ ਚੱਲੇਗਾ। ਇਸ ਵਾਰ ਬਜਟ ਸੈਸ਼ਨ ਹੰਗਾਮਾਖੇਜ਼ ਰਹਿਣ ਦੀ ਸੰਭਾਵਨਾ ਹੈ ਕਿਉਂਕਿ ਐਤਕੀਂ ਇਜਲਾਸ ਮੁੱਖ ਮੰਤਰੀ ਅਤੇ ਰਾਜਪਾਲ ਦੇ ਸਬੰਧਾਂ 'ਚ ਬਣੀ ਸਿਆਸੀ ਖਟਾਸ ਦਰਮਿਆਨ ਹੋ ਰਿਹਾ ਹੈ। ਇਸ ਵਾਰ ਪੰਜਾਬ ਸਰਕਾਰ ਨੂੰ ਬਜਟ ਸੈਸ਼ਨ ਬੁਲਾਏ ਜਾਣ ਦੇ ਮੁੱਦੇ 'ਤੇ ਸੁਪਰੀਮ ਕੋਰਟ ਦਾ ਰੁਖ਼ ਕਰਨਾ ਪਿਆ। ਇਹ ਵੱਖਰੀ ਗੱਲ ਹੈ ਕਿ ਰਾਜਪਾਲ ਨੇ ਆਪਣੇ ਪਹਿਲੇ ਸਟੈਂਡ ਤੋਂ ਮੋੜਾ ਕੱਟਦਿਆਂ 28 ਫਰਵਰੀ ਨੂੰ ਬਜਟ ਇਜਲਾਸ ਸੱਦੇ ਜਾਣ ਦੀ ਪ੍ਰਵਾਨਗੀ ਦੇ ਦਿੱਤੀ। ਬਜਟ ਇਜਲਾਸ ਭਲਕੇ ਰਾਜਪਾਲ ਦੇ ਭਾਸ਼ਨ ਨਾਲ ਸਵੇਰ 10 ਵਜੇ ਸ਼ੁਰੂ ਹੋਵੇਗਾ ਅਤੇ ਬਾਅਦ ਦੁਪਹਿਰ ਦੋ ਵਜੇ ਵਿੱਛੜੀਆਂ ਹਸਤੀਆਂ ਨੂੰ ਸ਼ਰਧਾਂਜਲੀ ਭੇਟ ਕੀਤੀ ਜਾਵੇਗੀ।



ਐਤਕੀਂ ਜੀ-20 ਸੰਮੇਲਨ ਦੇ ਸਮਾਗਮਾਂ ਕਰਕੇ ਬਜਟ ਸੈਸ਼ਨ ਦੋ ਪੜਾਵਾਂ ਵਿੱਚ ਹੋਵੇਗਾ। ਪਹਿਲੇ ਪੜਾਅ 'ਚ 3 ਮਾਰਚ ਤੋਂ 11 ਮਾਰਚ ਤੱਕ ਸੈਸ਼ਨ ਚੱਲੇਗਾ ਅਤੇ ਮੁੜ 22 ਮਾਰਚ ਨੂੰ ਸਦਨ ਜੁੜੇਗਾ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ 2023-24 ਵਰ੍ਹੇ ਦਾ ਬਜਟ 10 ਮਾਰਚ ਨੂੰ ਪੇਸ਼ ਕਰਨਗੇ। ਬਜਟ ਇਜਲਾਸ ਦਾ ਪਹਿਲਾ ਦਿਨ ਦਿਲਚਸਪ ਰਹਿਣ ਦੀ ਸੰਭਾਵਨਾ ਹੈ। ਭਲਕੇ ਰਾਜਪਾਲ ਦੇ ਭਾਸ਼ਨ 'ਤੇ ਸਾਰਿਆਂ ਦੀ ਨਜ਼ਰ ਟਿਕੀ ਹੋਈ ਹੈ। ਪਿਛਲੇ ਦਿਨਾਂ ਵਿੱਚ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਵੱਲੋਂ ਮੁੱਖ ਮੰਤਰੀ ਨੂੰ ਪੱਤਰ ਲਿਖ ਕੇ ਕਈ ਮਾਮਲੇ ਉਠਾਏ ਗਏ ਸਨ। ਇਨ੍ਹਾਂ ਨੁਕਤਿਆਂ ਨੂੰ ਰਾਜਪਾਲ ਦੇ ਭਾਸ਼ਨ ਵਿੱਚ ਸ਼ਾਮਲ ਕੀਤੇ ਜਾਣ ਦਾ ਅਨੁਮਾਨ ਹੈ। ਹਾਲਾਂਕਿ ਸੰਵਿਧਾਨਿਕ ਤੌਰ 'ਤੇ ਰਾਜਪਾਲ ਲਈ ਸਰਕਾਰ ਵੱਲੋਂ ਪ੍ਰਵਾਨ ਭਾਸ਼ਨ ਪੜ੍ਹਨਾ ਲਾਜ਼ਮੀ ਹੈ। ਬਜਟ ਸੈਸ਼ਨ ਦੇ 6 ਮਾਰਚ ਵਾਲੇ ਦਿਨ ਰਾਜਪਾਲ ਦੇ ਭਾਸ਼ਨ 'ਤੇ ਧੰਨਵਾਦ ਮਤੇ ਅਤੇ ਰਾਜਪਾਲ ਦੇ ਭਾਸ਼ਨ 'ਤੇ ਬਹਿਸ ਹੋਵੇਗੀ। ਸੱਤ ਮਾਰਚ ਨੂੰ ਆਡਿਟ ਰਿਪੋਰਟਾਂ ਅਤੇ ਵਿੱਤੀ ਲੇਖਿਆਂ ਤੋਂ ਇਲਾਵਾ ਵਿਧਾਨਿਕ ਕੰਮ-ਕਾਰ ਹੋਵੇਗਾ। ਵਿੱਤ ਮੰਤਰੀ ਹਰਪਾਲ ਚੀਮਾ 10 ਮਾਰਚ ਨੂੰ ਬਜਟ ਪੇਸ਼ ਕਰਨਗੇ ਅਤੇ 11 ਮਾਰਚ ਨੂੰ ਬਜਟ 'ਤੇ ਬਹਿਸ ਹੋਵੇਗੀ।



# ਅੰਮ੍ਰਿਤਪਾਲ ਸਿੰਘ ਨੂੰ ਮਰਸਡੀਜ ਗੱਡੀ ਅਮਰੀਕਾ ਵਾਸੀ ਰਣਧੀਰ ਸਿੰਘ ਨੇ ਭੇਟ ਕੀਤੀ

ਤਰਨ ਤਾਰਨ-'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਆਗੂ ਅੰਮ੍ਰਿਤਪਾਲ ਸਿੰਘ ਨੂੰ ਇੱਕ ਮਰਸਿਡੀਜ਼ ਗੱਡੀ ਦੇਣ ਵਾਲੇ ਅਮਰੀਕਾ ਵਾਸੀ ਭਾਈ ਰਣਧੀਰ ਸਿੰਘ ਨੇ ਉਨ੍ਹਾਂ ਸਾਰੀਆਂ ਖ਼ਬਰਾਂ ਨੂੰ ਬੇਬੁਨਿਆਦ ਦੱਸਿਆ ਹੈ, ਜਿਨ੍ਹਾਂ ਵਿਚ ਉਨ੍ਹਾਂ ਨੂੰ ਭਾਜਪਾ ਆਗੂ ਵਜੋਂ ਪੇਸ਼ ਕੀਤਾ ਜਾ ਰਿਹਾ ਹੈ। ਤਰਨ ਤਾਰਨ ਜ਼ਿਲ੍ਹੇ ਦੇ ਸਰਹੱਦੀ ਕਸਬਾ ਖੇਮਕਰਨ ਤੋਂ ਕੋਈ 20 ਸਾਲ ਪਹਿਲਾਂ ਅਮਰੀਕਾ ਦੇ ਨਿਊਯਾਰਕ ਸੂਬੇ ਵਿਚ ਗਏ ਤੇ ਉੱਥੇ ਟਰਾਂਸਪੋਰਟਰ ਵਜੋਂ ਸਥਾਪਿਤ ਭਾਈ ਰਣਧੀਰ ਸਿੰਘ ਨੇ ਦੱਸਿਆ ਕਿ ਉਹ ਦਮਦਮੀ ਟਕਸਾਲ ਦੇ ਵਿਦਿਆਰਥੀ ਰਹੇ ਹਨ ਅਤੇ ਇਸ ਮਗਰੋਂ ਉਨ੍ਹਾਂ ਸ੍ਰੀ ਹਰਮਿੰਦਰ ਸਾਹਿਬ ਵਿਖੇ ਹਜ਼ੂਰੀ ਰਾਗੀ ਦੇ ਤੌਰ 'ਤੇ ਸੇਵਾਵਾਂ ਨਿਭਾਈਆਂ ਹਨ। ਉਨ੍ਹਾਂ ਕਿਹਾ ਕਿ ਅੰਮ੍ਰਿਤਪਾਲ ਸਿੰਘ ਵੱਲੋਂ ਸਿੱਖਾਂ ਦੇ ਮਸਲਿਆਂ ਨੂੰ ਲੈ ਕੇ ਸ਼ੁਰੂ ਕੀਤੀ ਸੰਘਰਸ਼ ਅਤੇ ਖ਼ਾਸ ਕਰਕੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਰੋਕਣ ਖ਼ਿਲਾਫ਼ ਸ਼ੁਰੂ ਕੀਤੇ ਸੰਘਰਸ਼ ਤੋਂ ਉਹ ਬਹੁਤ ਪ੍ਰਭਾਵਿਤ ਹੋਏ ਹਨ, ਜਿਸ ਕਰਕੇ ਉਨ੍ਹਾਂ ਅਮਰੀਕਾ ਤੋਂ ਅੰਮ੍ਰਿਤਪਾਲ ਸਿੰਘ ਲਈ ਮਰਸਿਡੀਜ਼ ਗੱਡੀ ਖ਼ਰੀਦਣ ਲਈ ਆਪਣੇ ਖੇਮਕਰਨ ਰਹਿੰਦੇ ਭਰਾ ਰਵੇਲ ਸਿੰਘ ਨੂੰ 60 ਲੱਖ ਰੁਪਏ ਭੇਜੇ ਸਨ ਜਿਸ ਨੇ ਇਹ ਗੱਡੀ ਉਨ੍ਹਾਂ ਨੂੰ ਭੇਟ ਕੀਤੀ ਹੈ। ਉਨ੍ਹਾਂ ਅਮਰੀਕਾ ਤੋਂ ਇਸ ਪੱਤਰਕਾਰ ਨਾਲ ਗੱਲਬਾਤ ਕਰਦਿਆਂ ਸਪੱਸ਼ਟ ਕੀਤਾ ਕਿ ਉਨ੍ਹਾਂ ਦਾ ਭਾਜਪਾ ਨਾਲ ਕੋਈ ਦੂਰ ਦਾ ਵੀ ਕੋਈ ਵਾਸਤਾ ਨਹੀਂ ਹੈ। ਉਹ ਤਾਂ ਸਿਰਫ਼ ਅੰਮ੍ਰਿਤਪਾਲ ਸਿੰਘ ਦੇ ਸ਼ੁਰੂ ਕੀਤੇ ਸੰਘਰਸ਼ ਤੋਂ ਪ੍ਰਭਾਵਿਤ ਹੋਏ ਹਨ ਜਿਸ ਕਰਕੇ ਉਨ੍ਹਾਂ ਇਹ ਗੱਡੀ ਬਾਕਾਇਦਾ ਕਾਗ਼ਜ਼ੀ ਕਾਰਵਾਈ ਕਰਨ ਮਗਰੋਂ ਭੇਟ ਕੀਤੀ ਹੈ।

## ਰਿਸ਼ਵਤ ਲੈਣ ਦੇ ਦੋਸ਼ ਹੇਠ ਨਾਇਬ ਤਹਿਸੀਲਦਾਰ ਨੂੰ 5 ਸਾਲ ਕੈਦ ਦੀ ਸਜਾ

ਬਠਿੰਡਾ-ਇੱਕ ਕਿਸਾਨ ਤੋਂ ਜ਼ਮੀਨ ਦਾ ਇੰਤਕਾਲ ਕਰਵਾਉਣ ਬਦਲੇ ਰਿਸ਼ਵਤ ਦੇ ਸੱਤ ਸਾਲ ਪੁਰਾਣੇ ਮਾਮਲੇ ਦੀ ਸੁਣਵਾਈ ਕਰਦਿਆਂ ਬਠਿੰਡਾ ਦੀ ਸਪੈਸ਼ਲ ਕੋਰਟ ਦੇ ਜੱਜ ਦਿਨੇਸ਼ ਕੁਮਾਰ ਵਧਵਾ ਦੀ ਅਦਾਲਤ ਨੇ ਮਾਲ ਵਿਭਾਗ ਦੇ ਇੱਕ ਨਾਇਬ ਤਹਿਸੀਲਦਾਰ ਨੂੰ ਪੰਜ ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਇਸ ਦੇ ਨਾਲ ਹੀ 50 ਹਜ਼ਾਰ ਜੁਰਮਾਨਾ ਵੀ ਲਗਾਇਆ ਹੈ। ਸੂਚਨਾ ਮੁਤਾਬਕ ਜ਼ਿਲ੍ਹੇ ਦੇ ਪਿੰਡ ਗਹਿਰੀ ਬੁੱਟਰ ਦੇ ਕਿਸਾਨ ਇਕਬਾਲ ਸਿੰਘ ਦੀ ਜ਼ਮੀਨ ਦਾ ਇੰਤਕਾਲ ਸੀ, ਜਿਸ ਲਈ ਉਸ ਵੇਲੇ ਸੰਗਤ 'ਚ ਤਾਇਲਨਾਤ ਸੁਭਾਸ਼ ਮਿੱਤਲ ਨੇ 50 ਹਜ਼ਾਰ ਰੁਪਏ ਮੰਗੇ ਸਨ। ਉਸ ਵੱਲੋਂ ਦਸ ਹਜ਼ਾਰ ਰੁਪਏ ਦੇ ਦਿੱਤੇ ਗਏ। ਦੂਜੀ ਕਿਸ਼ਤ ਵਜੋਂ 40 ਹਜ਼ਾਰ ਰੁਪਏ ਲੈਂਦੇ ਹੋਏ ਨਾਇਬ ਤਹਿਸੀਲਦਾਰ ਨੂੰ ਮੌਕੇ 'ਤੇ ਕਾਬੂ ਕੀਤਾ ਗਿਆ ਸੀ।

## ਪੰਜਾਬ ਵਿਚ ਕੇਜਰੀਵਾਲ ਦੇ ਹੁਕਮਾਂ ਤੇ ਹੋਏ ਦਿੱਲੀ ਤੋਂ ਵੱਡੇ ਘੁਟਾਲੇ-ਮਜੀਠੀਆ

ਚੰਡੀਗੜ੍ਹ-ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਪੰਜਾਬ ਵਿੱਚ 'ਆਪ' ਕਨਵੀਨਰ ਅਰਵਿੰਦ ਕੇਜਰੀਵਾਲ ਦੇ ਹੁਕਮਾਂ 'ਤੇ ਹੋਏ ਘੁਟਾਲੇ ਦਿੱਲੀ ਨਾਲੋਂ ਵੱਡੇ ਹਨ। ਹੁਣ ਮਨੀਸ਼ ਸਿਸੋਦੀਆ ਤੇ ਸਤੇਂਦਰ ਜੈਨ ਦੀ ਗ੍ਰਿਫ਼ਤਾਰੀ ਨਾਲ ਪੰਜਾਬ ਵਿੱਚ ਭ੍ਰਿਸ਼ਟ ਮੰਤਰੀਆਂ ਅਤੇ ਅਫ਼ਸਰਾਂ ਖ਼ਿਲਾਫ਼ ਮੁਕੱਦਮੇ ਚਲਾਉਣ ਦਾ ਰਾਹ ਖੁੱਲ੍ਹ ਗਿਆ ਹੈ। ਮਜੀਠੀਆ ਨੇ ਮੰਗ ਕੀਤੀ ਕਿ ਪੰਜਾਬ ਵਿੱਚ 'ਆਪ' ਦੇ ਭ੍ਰਿਸ਼ਟ ਮੰਤਰੀਆਂ ਦੀਆਂ ਗਤੀਵਿਧੀਆਂ ਦੀ ਡੂੰਘਾਈ ਨਾਲ ਜਾਂਚ ਕਰਵਾਈ ਜਾਵੇ। ਉਨ੍ਹਾਂ ਕਿਹਾ ਕਿ ਦਿੱਲੀ ਆਬਕਾਰੀ ਘੁਟਾਲੇ ਦੀ ਕੀਤੀ ਜਾ ਰਹੀ ਸੀਬੀਆਈ ਜਾਂਚ ਦਾ ਦਾਇਰਾ ਪੰਜਾਬ ਤੱਕ ਵੀ ਵਧਾਇਆ ਜਾਵੇ। ਉਨ੍ਹਾਂ ਇਹ ਮੰਗ ਕੀਤੀ ਕਿ 'ਆਪ' ਵੱਲੋਂ ਪੰਜਾਬ ਦੇ ਸਰਕਾਰੀ ਖ਼ਜ਼ਾਨੇ 'ਚੋਂ ਪੈਸਾ ਹੋਰ ਰਾਜਾਂ ਵਿਚ ਚੋਣ ਮੁਹਿੰਮਾਂ 'ਤੇ ਖਰਚ ਕਰਨ ਦੇ ਮਾਮਲੇ ਦੀ ਈਡੀ ਤੋਂ ਜਾਂਚ ਕਰਵਾਈ ਜਾਵੇ।




WorkBC ਤੁਹਾਡੇ ਕਰੀਅਰ ਨੂੰ ਅੱਗੇ ਵਧਾਉਣ ਲਈ ਸਿਖਲਾਈ, ਸਰੋਤ ਅਤੇ ਵਿੱਤੀ ਸਹਾਇਤਾ ਲੱਭਣ ਵਿੱਚ ਤੁਹਾਡੀ ਮਦਦ ਕਰੇਗਾ।
ਹੋਰ ਜਾਣਕਾਰੀ ਲਈ
**WorkBC.ca/FindYourPath** 'ਤੇ ਜਾਓ

ਨਾਲ ਹੀ ਆਪਣੇ ਸਥਾਨਕ WorkBC ਸੈਂਟਰ ਵਿਖੇ ਨੌਕਰੀ ਲਈ ਵਨ-ਔਨ-ਵਨ (ਵਿਅਕਤੀਗਤ) ਸਹਾਇਤਾ ਲਓ।

BRITISH COLUMBIA | WorkBC

Bank Turndown?
Could be just
what you need!

# Quick Private Funds

- $10,000 to $1 Million in just 24 Hours
- Up to $5 Million Available



invis
Canada's Mortgage Experts™

Call today to get started

**SANJEEV KATYAL**
**604.767.5194**
Info@katyalmortgage.ca


WWW.KATYALMORTGAGE.CA


ਵਧੀਆ
ਸੇਵਾਵਾਂ ਦੇ ਨਾਲ
ਆਪਣੇ ਘਰ ਨੂੰ
ਸੁਰੱਖਿਅਤ ਰੱਖੋ
COMPLETE
PEST
CONTROL
ਅਸੀਂ ਹੇਠ ਲਿਖੀਆਂ
ਸੇਵਾਵਾਂ ਵਿੱਚ ਮਾਹਿਰ ਹਾਂ:
• ਕੀੜੀਆਂ
• ਬੈੱਡ ਬੱਗ ਕੰਟਰੋਲ
• ਪੰਛੀ ਨਿਯੰਤਰਣ
• ਮਧੂ-ਮੱਖੀਆਂ, ਮੱਖੀਆਂ ਅਤੇ ਹੌਰਨੇਟਸ
• ਕਾਕਰੋਚ
• ਫਲੀਜ਼ ਅਤੇ ਟਿੱਕਸ
• ਰਕੂਨ ਅਤੇ ਗਿਲਹਿਰਿਆਂ
• ਚੂਹਿਆਂ ਤੋਂ ਬਚਾਅ
• ਮੱਕੜੀਆਂ ਤੋਂ ਬਚਾਅ
• ਜੰਗਲੀ ਜੀਵਾਂ ਤੋਂ ਬਚਾਅ
Pressure Sprayer
8Lt
ਅਮਨਪ੍ਰੀਤ ਸਿੰਘ
Certified Service Specialist
E-mail: completepestcontrol786@gmail.com
Ph: 778-970-5786

# ਪਾਲ ਢਿੱਲੋਂ ਦੇ ਨਵੇਂ ਗ਼ਜ਼ਲ ਸੰਗ੍ਰਿਹ 'ਜਗਦਾ ਰਹੀਂ ਵੇ ਦੀਵਿਆ' ਉਪਰ ਵਿਚਾਰ ਚਰਚਾ



ਸਰੀ (ਹਰਦਮ ਮਾਨ)-ਵੈਨਕੂਵਰ ਵਿਚਾਰ ਮੰਚ ਵੱਲੋਂ ਪ੍ਰਸਿੱਧ ਸ਼ਾਇਰ ਪਾਲ ਢਿੱਲੋਂ ਦਾ ਨਵਾਂ ਗ਼ਜ਼ਲ ਸੰਗ੍ਰਹਿ 'ਜਗਦਾ ਰਹੀਂ ਵੇ ਦੀਵਿਆ' ਰਿਲੀਜ਼ ਕਰਨ ਅਤੇ ਇਸ ਉਪਰ ਵਿਚਾਰ ਚਰਚਾ ਕਰਨ ਲਈ ਸਮਾਗਮ ਕਰਵਾਇਆ ਗਿਆ। ਜਰਨੈਲ ਆਰਟ ਗੈਲਰੀ ਤੇ ਗੁਰਦੀਪ ਆਰਟਸ ਅਕੈਡਮੀ ਸਰੀ ਦੇ ਸਹਿਯੋਗ ਨਾਲ ਕਰਵਾਏ ਗਏ ਇਸ ਸਮਾਗਮ ਦੀ ਪ੍ਰਧਾਨਗੀ ਪ੍ਰਸਿੱਧ ਸਾਹਿਤਕਾਰ ਨਦੀਮ ਪਰਮਾਰ, ਜਰਨੈਲ ਸਿੰਘ ਆਰਟਿਸਟ, ਸ਼ਾਇਰ ਪਾਲ ਢਿੱਲੋਂ ਅਤੇ ਸ਼ਾਇਰ ਮੋਹਨ ਗਿੱਲ ਨੇ ਕੀਤੀ। ਸ਼ਾਇਰ ਮੋਹਨ ਗਿੱਲ ਨੇ ਮੰਚ ਦਾ ਸੰਚਾਲਨ ਸੰਭਾਲਦਿਆਂ ਸਮਾਗਮ ਵਿਚ ਆਏ ਲੇਖਕਾਂ ਅਤੇ ਸਾਹਿਤ ਪ੍ਰੇਮੀਆਂ ਨੂੰ 'ਜੀ ਆਇਆਂ' ਕਿਹਾ ਅਤੇ ਪਾਲ ਢਿੱਲੋਂ ਦੀ ਕਾਵਿ ਕਲਾ ਬਾਰੇ ਸੰਖੇਪ ਵਿਚ ਜਾਣਕਾਰੀ ਦਿੱਤੀ। ਅੰਗਰੇਜ਼ ਬਰਾੜ ਨੇ ਵੈਨਕੂਵਰ ਵਿਚਾਰ ਮੰਚ ਦਾ ਮੰਤਵ ਸਭ ਨਾਲ ਸਾਂਝਾ ਕੀਤਾ ਅਤੇ ਨਦੀਮ ਪਰਮਾਰ ਵੱਲੋਂ ਲਿਖਿਆ ਪਰਚਾ ਪੜ੍ਹਿਆ। ਪ੍ਰੀਤ ਮਨਪ੍ਰੀਤ ਨੇ ਪਾਲ ਢਿੱਲੋਂ ਦੇ ਸ਼ਿਅਰਾਂ ਵਿੱਚ ਕੁਦਰਤ ਦੇ ਵਰਨਣ ਦੀ ਵਿਸ਼ੇਸ਼ ਤੌਰ 'ਤੇ ਸ਼ਲਾਘਾ ਕੀਤੀ। ਡਾ. ਪਿਰਥੀਪਾਲ ਸਿੰਘ ਸੋਹੀ ਨੇ ਕਿਹਾ ਕਿ ਅਜੋਕੇ ਮੰਡੀ ਕਲਚਰ ਨੇ ਆਮ ਬੰਦੇ ਨੂੰ ਵਸਤੂ ਬਣਾ ਦਿੱਤਾ ਹੈ ਅਤੇ ਪਾਲ ਢਿੱਲੋਂ ਨੇ ਆਪਣੀ ਸ਼ਾਇਰੀ ਰਾਹੀਂ ਇਸ ਮੰਡੀ ਕਲਚਰ ਬਾਰੇ ਬਾਖੂਬੀ ਬਿਆਨ ਕੀਤਾ ਗਿਆ ਹੈ। ਨਦੀਮ ਪਰਮਾਰ ਨੇ ਗੀਤ ਲਿਖਣ ਤੋਂ ਗ਼ਜ਼ਲ ਰਚਨਾ ਵੱਲ ਆਏ ਪਾਲ ਢਿੱਲੋਂ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਸਾਰੀ ਮਿਹਨਤ ਤਾਂ ਪਾਲ ਢਿੱਲੋਂ ਦੀ ਹੈ, ਨਦੀਮ ਪਰਮਾਰ ਨੇ ਤਾਂ ਉਸ ਨੂੰ ਦਿਸ਼ਾ-ਨਿਰਦੇਸ਼ ਹੀ ਦਿੱਤਾ ਹੈ। ਡਾ. ਹਰਜੋਤ ਕੌਰ ਖੈਹਿਰਾ ਨੇ ਪਾਲ ਢਿੱਲੋਂ ਨੂੰ ਅੱਜ ਦਾ ਕਵੀ ਦਸਦਿਆਂ ਕਿਹਾ ਕਿ ਉਸ ਦੀ ਵੱਡੀ ਖ਼ੂਬੀ ਹੈ ਕਿ ਉਹ ਆਪਣੀ ਗੱਲ ਸਪਸ਼ਟ ਕਰਦਾ ਹੈ, ਕਿਸੇ ਲੁੱਕ ਲਪੇਟ ਰਾਹੀਂ ਨਹੀਂ ਕਰਦਾ। ਕਵਿੰਦਰ ਚਾਂਦ ਨੇ ਸ਼ਿਕਵਾ ਜ਼ਾਹਰ ਕੀਤਾ ਕਿ ਪਾਲ ਢਿੱਲੋਂ ਨੇ ਪਿੰਡਾਂ ਵਿੱਚ ਇੱਕ ਪਾਸੇ ਵਸਦੇ ਵਿਹੜੇ ਦੇ ਲੋਕਾਂ ਦਾ ਜ਼ਿਕਰ ਆਪਣੇ ਸ਼ਿਅਰਾਂ ਵਿੱਚ ਨਹੀਂ ਕੀਤਾ। ਗੁਰਦਰਸ਼ਨ ਬਾਦਲ ਨੇ ਪਾਲ ਢਿੱਲੋਂ ਦੀ ਗ਼ਜ਼ਲ ਵਿੱਚ ਆਏ ਵਿਕਾਸ ਦੀ ਸਰਾਹਨਾ ਕੀਤੀ। ਇੰਦਰਜੀਤ ਧਾਮੀ ਨੇ ਕਿਹਾ ਕਿ ਪਾਲ ਢਿੱਲੋਂ ਕਵਿਤਾ ਦੇ ਨਾਲ ਨਾਲ ਆਪਣੇ ਜੀਵਨ ਵਿਚ ਵੀ ਇਸ ਪ੍ਰੀਭਾਸ਼ਾ ਉੱਪਰ ਪੂਰਾ-ਪੂਰਾ ਉਤਰਦਾ ਹੈ। ਸਤੀਸ਼ ਗੁਲਾਟੀ ਨੇ ਕਿਹਾ ਕਿ ਇਸ ਤਰ੍ਹਾਂ ਦੇ ਸਮਾਗਮਾਂ ਵਿਚ ਲੇਖਕ ਦੀ ਲਿਖਤ ਦੀਆਂ ਊਣਤਾਈਆਂ ਵੀ ਸਾਹਮਣੇ ਲਿਆਉਣੀਆਂ ਚਾਹੀਦੀਆਂ ਹਨ ਤਾਂ ਕਿ ਲੇਖਕ ਅੱਗੋਂ ਹੋਰ ਵੀ ਉੱਤਮ ਰਚਨਾ ਕਰ ਸਕੇ। ਉਸ ਨੇ ਕਿਹਾ ਕਿ ਉਸ ਨੂੰ ਮਾਣ ਹੈ ਕਿ ਉਹ ਇਸ ਪੁਸਤਕ ਦਾ ਪ੍ਰਕਾਸ਼ਕ ਹੈ। ਪੁਸਤਕ ਉੱਪਰ ਦਵਿੰਦਰ ਗੌਤਮ, ਨਰਿੰਦਰ ਬਾਹੀਆ, ਅਮਰੀਕ ਪਲਾਹੀ, ਮਹਿੰਦਰਪਾਲ ਪਾਲ ਅਤੇ ਖੁਸ਼ਹਾਲ ਗਲੋਟੀ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ। ਪਾਲ ਢਿੱਲੋਂ ਨੇ ਜਿੱਥੇ ਸਭਨਾਂ ਦਾ ਸੁਆਗਤ ਕੀਤਾ ਅਤੇ ਵਡਮੁੱਲੇ ਵਿਚਾਰ ਰੱਖਣ ਲਈ ਧੰਨਵਾਦ ਕੀਤਾ ਉਥੇ ਉਸ ਨੇ ਆਪਣੇ ਪਰਿਵਾਰ ਦੇ ਅਗਲੀ ਪੀੜ੍ਹੀ ਦੇ ਬੱਚਿਆਂ ਵੱਲੋਂ ਸਮਾਗਮ ਵਿਚ ਸ਼ਾਮਲ ਹੋਣ 'ਤੇ ਵਿਸ਼ੇਸ਼ ਖੁਸ਼ੀ ਪ੍ਰਗਟ ਕੀਤੀ। ਉਸ ਨੇ ਆਪਣੀ ਪੁਸਤਕ ਵਿੱਚੋਂ ਕੁਝ ਗ਼ਜ਼ਲਾਂ ਵੀ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ। ਅੰਤ ਵਿਚ ਜਰਨੈਲ ਸਿੰਘ ਆਰਟਿਸਟ ਨੇ ਸਮਾਗਮ ਦੀ ਸਫਲਤਾ ਉੱਪਰ ਖੁਸ਼ੀ ਜ਼ਾਹਰ ਕਰਦਿਆਂ ਕਿਹਾ ਕਿ ਵੈਨਕੂਵਰ ਵਿਚਾਰ ਮੰਚ ਭਵਿੱਖ ਵਿਚ ਅਜਿਹੇ ਹੀ ਉੱਚ ਪੱਧਰ ਦੇ ਪ੍ਰੋਗਰਾਮ ਉਲੀਕ ਰਿਹਾ ਹੈ। ਉਨ੍ਹਾਂ ਉਮੀਦ ਜ਼ਾਹਰ ਕੀਤੀ ਕਿ ਭਵਿੱਖ ਵਿਚ ਵੀ ਸਾਹਿਤ ਪ੍ਰੇਮੀਆਂ ਦਾ ਸਹਿਯੋਗ ਇਸੇ ਤਰ੍ਹਾਂ ਸਹਿਯੋਗ ਮਿਲਦਾ ਰਹੇਗਾ।



SUNNY SANGHA • PERSONAL REAL ESTATE CORPORATION

**14317 31A AVENUE, SURREY**




Architectural elegance at it's finest; this West Vancouver-inspired property is located within the prestigious Elgin Park Estates neighborhood in South Surrey. This extravagant home portrays the unique blend of timeless sophistication and secluded park-style living. Sitting on approximately 14,000 sqft of land, this property offers 6488 sqft of luxurious living space; meticulous by design, it features four opulent bedrooms upstairs and similarly one spacious bedroom on the main floor. The kitchen is equipped with Miele appliances throughout and features a beautiful transparent wine cabinet. Furthermore, the property possesses an abundance of outdoor entertainment space in conjunction with a designated theatre room, gymnasium, games room, and bar. Call now to book your private showing!

**#92 15111 EDMUND DRIVE**



Welcome to Townsend! This beautiful unit is one of the largest in the entire complex, boasting 1,976 sq ft. of living space. Built in 2019 by award-winning builder, Polygon, this beautiful townhome features 4 spacious bedrooms - 3 on the top floor, and 1 on the ground floor as guest quarters, 3.5 bathrooms, as well as a grand main floor which includes a large family room and separate dining area. The guest quarters on the ground floor feature a spacious bedroom and a full bathroom, and a double side-by-side garage. In addition to the double garage, there are an additional two parking spots outside. The home has been exceptionally maintained by its current owners. Call to book your private showing today.

**UNIT 2808 13615 FRASER HWY**




Welcome to King George Hub, built by PCI is one of the most sought-after locations in central Surrey. Move in or Invest in the fastest-growing city in BC. This bright north-facing unit is located in the master-planned community with all of your needs at your doorstep. The unit is finished with laminate flooring, quartz countertops, and wall-to-wall windows for natural light. The unit has one parking, one storage locker, and an already paid-for EV charger.

**LOT B 20444 46A AVENUE, LANGLEY**




9000 sqft lot available to build your dream home in Langley City's one of the best pockets. You can build a 3 story house on a flat rectangular lot. The location is close to all shopping and the newly approved sky train.

**LOT A 33734 MAYFAIR AVENUE, SURREY**

Welcome to Central Abbotsford this brand new three-lot subdivision. The lots will be ready to build in 4-6 months. You can build a 3600sqft home.



Sunny Sangha
604-356-5555

SUNNY SANGHA
Personal Real Estate Corporation

CENTURY 21
Coastal Realty Ltd.

MLS MEDALLION CLUB MEMBER

Ram Johal
604-356-5555



www.sunnysangha.com | info@sunnysangha.com


NOW OPEN
Sachkhand Travels Pvt Ltd
AIR TICKETS
HOLIDAY PACKAGES
FOREIGN EXCHANGE
27 Years INDUSTRY EXPERIENCE
NOW OPENED IN SURREY
SUITE 343, 9850 KING GEORGE
SURREY, BC, CANADA
Email : jaideep@sachkhandtravels.com
EXCLUSIVE DISCOUNTS FOR FLIGHTS
Sachkhand Travels Pvt Ltd
India 2 Offices: +91 11 4505 2828
Mob.: +91- 98116 97488
Sachkhand Travels Ltd
Canada: +1 778 965 2828
+1 778 955 2828
CONSUMER PROTECTION BC
IATA
Since 1997 India

# ਟੋਰਾਂਟੋ ਤੇ ਨਿਊਯਾਰਕ ਤੋਂ ਅੰਮ੍ਰਿਤਸਰ ਲਈ 6 ਅਪ੍ਰੈਲ ਤੋਂ ਸ਼ੁਰੂ ਹੋਣਗੀਆਂ ਨਿਓਸ ਏਅਰ ਦੀਆਂ ਉਡਾਣਾਂ

ਮਾਰਚ-ਕੈਨੇਡਾ ਅਤੇ ਅਮਰੀਕਾ ਵਿੱਚ ਵਸਦੇ ਪ੍ਰਵਾਸੀ ਪੰਜਾਬੀ ਜਿਹੜੇ ਹਰ ਸਾਲ ਵੱਡੀ ਗਿਣਤੀ ਵਿੱਚ ਪੰਜਾਬ ਨੂੰ ਜਾਂਦੇ ਹਨ, ਉਹਨਾਂ ਲਈ ਹਵਾਈ ਸਫਰ ਹੁਣ ਸੁਖਾਲਾ ਹੋਣ ਜਾ ਰਿਹਾ ਹੈ। ਉਹਨਾਂ ਲਈ ਚੰਗੀ ਖ਼ਬਰ ਹੈ ਕਿ ਇਟਲੀ ਦੀ ਨਿਓਸ ਏਅਰ 6 ਅਪ੍ਰੈਲ, 2023 ਤੋਂ ਅੰਮ੍ਰਿਤਸਰ ਨੂੰ ਕੈਨੇਡਾ ਦੇ ਟੋਰਾਂਟੋ ਅਤੇ ਅਮਰੀਕਾ ਦੇ ਨਿਊਯਾਰਕ ਤੱਕ ਮਿਲਾਨ ਦੇ ਮਾਲਪੈਂਸਾ ਹਵਾਈ ਅੱਡੇ ਰਾਂਹੀ ਜੋੜਨ ਜਾ ਰਹੀ ਹੈ। ਅੰਮ੍ਰਿਤਸਰ ਦੇ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡੇ ਨੂੰ ਨਿਓਜ਼ ਏਅਰ ਦੁਆਰਾ ਟੋਰਾਂਟੋ ਨਾਲ ਜੋੜੇ ਜਾਣ ਦਾ ਸਵਾਗਤ ਕੀਤਾ ਹੈ।ਅੰਮ੍ਰਿਤਸਰ ਤੋਂ ਟੋਰਾਂਟੋ ਅਤੇ ਵੈਨਕੂਵਰ ਲਈ ਸਿੱਧੀਆਂ ਉਡਾਣਾਂ ਦੀ ਮੰਗ ਲੰਮੇ ਸਮੇਂ ਤੋਂ ਕੀਤੀ ਜਾ ਰਹੀ ਹੈ। ਇਸ ਨਵੀ ਉਡਾਣ ਦੇ ਸ਼ੁਰੂ ਹੋਣ ਨਾਲ ਟੋਰਾਂਟੋ ਲਈ ਯਾਤਰੀਆਂ ਨੂੰ ਰਾਹਤ ਮਿਲੇਗੀ। ਗੁਮਟਾਲਾ ਨੇ ਦੱਸਿਆ, ਨਿਓਸ ਏਅਰ ਨੇ ਦਸੰਬਰ 2022 ਵਿੱਚ ਮਿਲਾਨ ਮਾਲਪੈਂਸਾ ਅਤੇ ਅੰਮ੍ਰਿਤਸਰ ਵਿਚਕਾਰ ਨਿਰਧਾਰਤ ਉਡਾਣਾਂ ਸ਼ੁਰੂ ਕੀਤੀਆਂ ਸਨ। ਏਅਰਲਾਈਨ ਨੇ ਕੋਵਿਡ ਦੌਰਾਨ ਪਹਿਲੀ ਵਾਰ ਸਤੰਬਰ 2021 ਵਿੱਚ ਇਟਲੀ ਅਤੇ ਅੰਮ੍ਰਿਤਸਰ ਵਿਚਕਾਰ ਚਾਰਟਰ ਸੇਵਾਵਾਂ ਦਾ ਸੰਚਾਲਨ ਸ਼ੁਰੂ ਕੀਤਾ ਸੀ। ਨਾਲ ਹੀ ਅੰਮ੍ਰਿਤਸਰ ਤੋਂ ਮਿਲਾਨ ਦੇ ਬਰਗਾਮੋ ਅਤੇ ਰੋਮ ਏਅਰਪੋਰਟ ਤੱਕ ਸਪਾਈਸਜੈੱਟ ਨੇ ਵੀ ਚਾਰਟਰ ਉਡਾਣਾਂ ਦੇ ਸੰਚਾਲਨ ਤੋਂ ਬਾਦ ਪਿਛਲੇ ਸਾਲ ਨਵੰਬਰ ਵਿੱਚ ਨਿਰਧਾਰਤ ਉਡਾਣਾਂ ਸ਼ੁਰੂ ਕੀਤੀਆਂ ਸਨ। ਇਹਨਾਂ ਦੇ ਸੰਚਾਲਨ ਨਾਲ ਅੰਮ੍ਰਿਤਸਰ ਹੁਣ ਇਟਲੀ ਦੇ 3 ਹਵਾਈ ਅੱਡਿਆਂ ਨਾਲ ਜਿੜਆ ਹੈ। ਨਿਓਸ ਦੁਆਰਾ ਆਪਣੀ ਵੈਬਸਾਈਟ 'ਤੇ ਉਪਲਬਧ ਸਮਾਂਸੂਚੀ ਅਨੁਸਾਰ, ਏਅਰਲਾਈਨ 6 ਅਪ੍ਰੈਲ ਤੋਂ ਅੰਮ੍ਰਿਤਸਰ ਤੋਂ ਟੋਰਾਂਟੋ ਅਤੇ ਨਿਊਯਾਰਕ ਲਈ ਹਫਤੇ ਵਿੱਚ ਇੱਕ ਦਿਨ ਉਡਾਣ ਦਾ ਸੰਚਾਲਨ ਕਰੇਗੀ। ਇਹ ਉਡਾਣ ਹਰ ਵੀਰਵਾਰ ਸਵੇਰੇ 3:15 ਵਜੇ ਅੰਮ੍ਰਿਤਸਰ ਤੋਂ ਰਵਾਨਾ ਹੋਵੇਗੀ ਅਤੇ ਉਸੇ ਦਿਨ ਸਵੇਰੇ 8:20 ਵਜੇ ਮਿਲਾਨ ਪਹੁੰਚੇਗੀ। ਇੱਥੇ ਯਾਤਰੀ ਲਗਭਗ 4 ਘੰਟੇ 10 ਮਿੰਟ ਰੁਕਣਗੇ, ਫਿਰ ਉਡਾਣ ਮਿਲਾਨ ਤੋਂ ਦੁਪਹਿਰ 12:30 ਵਜੇ ਰਵਾਨਾ ਹੋ ਕੇ ਬਾਅਦ ਦੁਪਹਿਰ 3 ਵਜੇ ਟੋਰਾਂਟੋ ਪਹੁੰਚੇਗੀ। ਟੋਰਾਂਟੋ ਦੇ ਪੀਅਰਸਨ ਏਅਰਪੋਰਟ ਤੋਂ ਇਹ ਉਡਾਣ ਫਿਰ ਵਾਪਸੀ ਲਈ ਹਰ ਵੀਰਵਾਰ ਸ਼ਾਮ 5 ਵਜੇ ਰਵਾਨਾ ਹੋਵੇਗੀ ਅਤੇ ਅਗਲੇ ਦਿਨ ਸ਼ੁੱਕਰਵਾਰ ਨੂੰ ਸਵੇਰੇ 6:50 ਵਜੇ ਮਿਲਾਨ ਪਹੁੰਚੇਗੀ। ਉੱਥੋਂ ਫਿਰ ਸਵੇਰੇ 10 ਵਜੇ ਰਵਾਨਾ ਹੋ ਕੇ ਉਸੇ ਦਿਨ ਸ਼ੁੱਕਰਵਾਰ ਰਾਤ 9:15 ਵਜੇ ਅੰਮ੍ਰਿਤਸਰ ਪਹੁੰਚੇਗੀ। ਯਾਤਰੀ ਮਿਲਾਨ ਵਿਖੇ 3 ਘੰਟੇ 10 ਮਿੰਟ ਲਈ ਰੁਕਣਗੇ। ਟੋਰਾਂਟੋ ਤੋਂ ਅੰਮ੍ਰਿਤਸਰ ਦਾ ਸਫਰ ਸਿਰਫ 18 ਘੰਟੇ 45 ਮਿੰਟ ਅਤੇ ਅੰਮ੍ਰਿਤਸਰ ਤੋਂ ਟੋਰਾਂਟੋ ਦੀ ਦੂਰੀ 21 ਘੰਟੇ 15 ਮਿੰਟ ਵਿੱਚ ਪੂਰੀ ਕੀਤੀ ਜਾਵੇਗੀ।



ਏਅਰਲਾਈਨ ਇਨ੍ਹਾਂ ਉਡਾਣਾਂ ਲਈ ਆਪਣੇ 359 ਸੀਟਾਂ ਵਾਲੇ ਬੋਇੰਗ 787 ਡ੍ਰੀਮਲਾਈਨਰ ਜਹਾਜ਼ ਦੀ ਵਰਤੋਂ ਕਰੇਗੀ। ਜ਼ਿਕਰਯੋਗ ਹੈ ਕਿ ਜਨਵਰੀ 2022 ਵਿੱਚ ਸਰੀ ਕੈਨੇਡਾ ਤੋਂ ਇਨੀਸ਼ੀਏਟਿਵ ਦੇ ਕੋ-ਕਨਵੀਨਰ ਮੋਹਿਤ ਧੰਜੂ ਵਲੋਂ ਕੈਨੇਡਾ ਦੀ ਸੰਸਦ ਵਿੱਚ ਦਾਇਦ ਇੱਕ ਪਟੀਸ਼ਨ ਨੂੰ ਭਰਵਾਂ ਹੁੰਗਾਰਾ ਮਿਲਿਆ ਸੀ। ਇਸ ਪਠਸ਼ਿਨ ਤੇ ਇਕ ਮਹੀਨੇ ਦੇ ਸਮੇਂ ਵਿੱਚ 19000 ਤੋਂ ਵੱਧ ਕੈਨੇਡੀਅਨ ਨਾਗਰਿਕਾਂ ਨੇ ਦਸਤਖਤ ਕੀਤੇ ਸਨ, ਜਿਸ ਦੇ ਨਤੀਜੇ ਵਜੋਂ ਕੈਨੇਡੀਅਨ ਸੰਸਦ ਮੈਂਬਰ ਬਰੈਡ ਵਿਜ਼ ਵਲੋਂ ਸੰਸਦ ਵਿੱਚ ਅੰਮ੍ਰਿਤਸਰ ਲਈ ਸਿੱਧੀਆਂ ਉਡਾਨਾਂ ਬਾਰੇ ਪੁਰਜ਼ੋਰ ਮੰਗ ਉਠਾਈ ਗਈ ਸੀ। ਇਸ ਉਪਰੰਤ ਕੈਨੇਡੀਅਨ ਟਰਾਂਸਪੋਰਟ ਮੰਤਰੀ ਉਮਰ ਅਲਘਬਰਾ ਨੇ ਵੀ ਮਈ 2022 ਵਿੱਚ ਭਾਰਤ ਦੇ ਸ਼ਹਿਰੀ ਹਵਾਬਾਜ਼ੀ ਮੰਤਰੀ ਜਯੋਤੀਰਾਦਿੱਤਿਆ ਸਿੰਧੀਆ ਨਾਲ ਮੀਟਿੰਗ ਦੌਰਾਨ ਇਸ ਮੁੱਦੇ ਬਾਰੇ ਗੱਲ ਕੀਤੀ ਸੀ। ਗੁਮਟਾਲਾ ਨੇ ਕਿਹਾ ਕਿ ਇਟਲੀ ਦੇ ਰਸਤੇ ਇਸ ਨਵੇਂ ਰੂਟ ਦੀ ਸ਼ੁਰੂਆਤ ਕੈਨੇਡਾ ਅਤੇ ਅੰਮ੍ਰਿਤਸਰ ਦਰਮਿਆਨ ਸਿੱਧੀਆਂ ਉਡਾਣਾਂ ਦੀ ਸੰਭਾਵਨਾ ਬਾਰੇ ਹੋਰ ਏਅਰਲਾਈਨਾਂ ਲਈ ਠੋਸ ਸਬੂਤ ਪ੍ਰਦਾਨ ਕਰੇਗੀ। ਵੈਨਕੂਵਰ ਅਤੇ ਅੰਮ੍ਰਿਤਸਰ ਤੋਂ ਇੱਕ ਸਾਂਝੇ ਬਿਆਨ ਵਿੱਚ ਕੈਨੇਡਾ ਵਿੱਚ ਅੰਮ੍ਰਿਤਸਰ ਵਿਕਾਸ ਮੰਚ ਦੇ ਓਵਰਸੀਜ਼ ਸਕੱਤਰ ਅਨੰਤਦੀਪ ਸਿੰਘ ਢਿੱਲੋਂ ਅਤੇ ਅੰਮ੍ਰਿਤਸਰ ਤੋਂ ਮੰਚ ਦੇ ਸਰਪ੍ਰਸਤ ਮਨਮੋਹਨ ਸਿੰਘ ਬਰਾੜ ਨੇ ਖ਼ੁਸ਼ੀ ਪ੍ਰਗਟ ਕਰਦਿਆਂ ਕਿਹਾ ਕਿ ਪੰਜਾਬ ਤੋਂ ਹਰ ਸਾਲ ਹਜ਼ਾਰਾਂ ਵਿਦਿਆਰਥੀ ਪੜ੍ਹਾਈ ਲਈ ਕੈਨੇਡਾ ਆ ਰਹੇ ਹਨ, ਜਦੋਂ ਕਿ ਇਸ ਸਮੇਂ ਕੈਨੇਡਾ ਵਿਚ ਵਸਦੇ ਹਜ਼ਾਰਾਂ ਪ੍ਰਵਾਸੀ ਹਰ ਸਾਲ ਪੰਜਾਬ ਆਉਂਦੇ ਹਨ। ਉਨ੍ਹਾਂ ਦੇ ਮੌਜੂਦਾ ਵਿਕਲਪ ਅੰਮ੍ਰਿਤਸਰ ਤੋਂ ਦਿੱਲੀ ਰਾਹੀਂ ਉਡਾਣਾਂ, ਜਾਂ ਸੜਕ ਅਤੇ ਰੇਲ ਰਾਹੀਂ ਪੰਜਾਬ ਤੋਂ ਦਿੱਲੀ ਜਾ ਕੇ ਕੈਨੇਡਾ ਲਈ ਉਡਾਣਾਂ ਹਨ। ਇੱਥੋਂ ਤੱਕ ਕਿ ਏਅਰ ਇੰਡੀਆ ਅਤੇ ਏਅਰ ਕੈਨੇਡਾ ਦੁਆਰਾ ਸਿੱਧੀਆਂ ਦਿੱਲੀ-ਟੋਰਾਂਟੋ ਉਡਾਣਾਂ ਨਾਲ ਵੀ, ਖਿੱਤੇ ਦੇ ਯਾਤਰੀਆਂ ਨੂੰ ਦਿੱਲੀ ਦੇ ਰਸਤੇ ਯਾਤਰਾ ਕਰਨ ਵਿਚ ਬਹੁਤ ਖੱਜਲ-ਖੁਆਰੀ ਦਾ ਸਾਹਮਣਾ ਕਰਨਾ ਪੈਂਦਾ ਹੈ ਜਿਸ ਵਿਚ ਇਮੀਗ੍ਰੇਸ਼ਨ, ਲੰਬੇ ਸਮੇਂ ਤੱਕ ਅੰਮ੍ਰਿਤਸਰ ਲਈ ਉਡਾਣ ਦਾ ਇੰਤਜਾਰ ਕਰਨਾ ਅਤੇ ਸਮਾਨ ਦਾ ਮੁੜ ਤੋਂ ਜਮਾਂ ਕਰਵਾਉਣਾ ਹੈ। ਭਾਂਵੇ ਇਹ ਉਡਾਣ ਟੋਰਾਂਟੋ ਅਤੇ ਵੈਨਕੂਵਰ ਤੋਂ ਸਿੱਧਾ ਅੰਮ੍ਰਿਤਸਰ ਲਈ ਉਡਾਣਾਂ ਦੀ ਲੰਮੇ ਸਮੇਂ ਤੋਂ ਲਟਕਦੀ ਆ ਰਹੀ ਮੰਗ ਨੂੰ ਪੂਰਾ ਨਹੀਂ ਕਰਦੀ, ਫਿਰ ਵੀ ਹਜ਼ਾਰਾਂ ਲੋਕਾਂ ਲਈ ਪੰਜਾਬ ਦਾ ਹਵਾਈ ਸਫਰ ਸੁਖਾਲਾ ਹੋ ਜਾਵੇਗਾ।


# ROHITA PANNU LAW CORPORATION

## BARRISTER & SOLICITOR




## SERVICES

- ALL NOTARY PUBLIC
- WILLS & ESTATE
- RESIDENTIAL & COMMERCIAL
- REAL ESTATE BUYING & SELLING
- MORTGAGES
- DIVORCE/ FAMILY LAW

- ਨੋਟਰੀ ਸੇਵਾਵਾਂ
- ਵਸੀਅਤਨਾਮਾ
- ਘਰਾਂ ਅਤੇ ਕੇਅਰਹੋਮਜ਼ ਵਿੱਚ ਜਾ ਕੇ ਵੀ ਦਸਤਖਤ ਕਰਵਾ ਸਕਦੇ ਹਾਂ
- ਹਲਫੀਆ ਬਿਆਨ
- ਘਰਾਂ ਦੀ ਖਰੀਦੋ- ਫਰੋਖਤ
- ਮੋਰਟਗੇਜ਼
- ਤਲਾਕ (ਫੈਮਲੀ-ਲਾਅ)

Ph: 604.589.1399

Fax : 604.589.1556

www.rohitapannulaw.com

# 102-9278, 120th Street, Surrey, BC V3V 4W8


# ਕੈਨੇਡਾ ਪੁੱਜੀ ਮੁਟਿਆਰ ਦੇ ਵਿਆਹ ਤੋਂ ਮੁਕਰਨ ਕਾਰਣ ਨੌਜਵਾਨ ਟੈਂਕੀ ਤੇ ਚੜ੍ਹਿਆ

ਲੁਧਿਆਣਾ-ਕੈਨੇਡਾ ਗਈ ਮੰਗੇਤਰ ਦੇ ਵਿਆਹ ਤੋਂ ਮੁੱਕਰ ਜਾਣ ਕਾਰਨ ਇੱਕ ਨੌਜਵਾਨ ਅੱਜ ਅਦਾਲਤੀ ਕੰਪਲੈਕਸ ਦੀ ਟੈਂਕੀ 'ਤੇ ਚੜ੍ਹ ਗਿਆ, ਜਿਸ ਨੇ ਉਪਰੋਂ ਛਾਲ ਮਾਰਨ ਦੀ ਧਮਕੀ ਦੇ ਦਿੱਤੀ। ਨੌਜਵਾਨ ਨੂੰ ਟੈਂਕੀ 'ਤੇ ਚੜ੍ਹਿਆ ਦੇਖ ਕੇ ਉਥੇ ਮੌਜੂਦ ਲੋਕਾਂ ਨੇ ਪੁਲੀਸ ਨੂੰ ਸੂਚਨਾ ਦਿੱਤੀ। ਪੁਲੀਸ ਮੁਲਾਜ਼ਮਾਂ ਨੇ ਮੌਕੇ 'ਤੇ ਪੁੱਜ ਕੇ ਨੌਜਵਾਨ ਹਰਪ੍ਰੀਤ ਨੂੰ ਹੇਠਾਂ ਲਿਆਉਣ ਦੀ ਕੋਸ਼ਿਸ਼ ਕੀਤੀ। ਨੌਜਵਾਨ ਨੇ ਦੋਸ਼ ਲਾਇਆ ਕਿ ਉਸ ਦੀ ਮੰਗੇਤਰ ਉਸ ਨਾਲ 10 ਲੱਖ ਰੁਪਏ ਦੀ ਠੱਗੀ ਮਾਰ ਕੇ ਕੈਨੇਡਾ ਚਲੀ ਗਈ ਹੈ ਤੇ ਵਿਦੇਸ਼ੀ ਧਰਤੀ 'ਤੇ ਪੁੱਜਦੇ ਹੀ ਉਸ ਨੇ ਵਿਆਹ ਤੋਂ ਸਾਫ਼ ਮਨ੍ਹਾਂ ਕਰ ਦਿੱਤਾ ਹੈ। ਕਰੀਬ ਡੇਢ ਘੰਟੇ ਬਾਅਦ ਹਰਪ੍ਰੀਤ ਦੇ ਦੋਸਤਾਂ ਨੇ ਉਸ ਨੂੰ ਮਨਾਇਆ ਤੇ ਹੇਠਾਂ ਉਤਾਰਿਆ। ਪੁਲੀਸ ਨੇ ਵੀ ਉਸ ਨੂੰ ਮਾਮਲੇ ਦੀ ਜਾਂਚ ਕਰਨ ਦਾ ਭਰੋਸਾ ਦਿੱਤਾ ਹੈ। ਹਰਪ੍ਰੀਤ ਦੇ ਪਿਤਾ ਲਛਮਣ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਪੁੱਤਰ ਨੇ ਉਕਤ ਲੜਕੀ ਨਾਲ ਮੰਗਣੀ ਕੀਤੀ ਸੀ, ਜੋ ਕਿ ਵਿਦੇਸ਼ ਜਾਣਾ ਚਾਹੁੰਦੀ ਸੀ। ਦੋਵਾਂ 'ਚ ਸਮਝੌਤਾ ਹੋਇਆ ਕਿ ਹਰਪ੍ਰੀਤ ਪੈਸੇ ਲਗਾ ਕੇ ਲੜਕੀ ਨੂੰ ਵਿਦੇਸ਼ ਭੇਜੇਗਾ ਤੇ ਬਾਅਦ ਵਿੱਚ ਲੜਕੀ ਹਰਪ੍ਰੀਤ ਨੂੰ ਕੈਨੇਡਾ ਬੁਲਾ ਲਵੇਗੀ। ਪੀੜਤ ਨੌਜਵਾਨ ਦੇ ਪਿਤਾ ਨੇ ਦੋਸ਼ ਲਾਇਆ ਕਿ ਉਨ੍ਹਾਂ ਨੇ 10 ਲੱਖ ਰੁਪਏ ਖਰਚ ਕਰ ਕੇ ਲੜਕੀ ਨੂੰ ਵਿਦੇਸ਼ ਭੇਜਿਆ। ਇਸ ਤੋਂ ਬਾਅਦ ਕੈਨੇਡਾ ਜਾ ਕੇ ਪਹਿਲਾਂ ਤਾਂ ਲੜਕੀ ਟਾਲ-ਮਟੋਲ ਕਰਦੀ ਰਹੀ ਤੇ ਬਾਅਦ 'ਚ ਵਿਆਹ ਤੋਂ ਸਾਫ਼ ਮਨ੍ਹਾਂ ਕਰ ਦਿੱਤਾ। ਇਸ ਮਾਮਲੇ ਬਾਰੇ ਹਰਪ੍ਰੀਤ ਨੇ ਪੁਲੀਸ ਨੂੰ ਵੀ ਜਾਣਕਾਰੀ ਦਿੱਤੀ ਪਰ ਪੁਲੀਸ ਨੇ ਕੋਈ ਕਾਰਵਾਈ ਨਹੀਂ ਕੀਤੀ। ਨੌਜਵਾਨ ਦੇ ਮਾਤਾ-ਪਿਤਾ ਦਾ ਕਹਿਣਾ ਹੈ ਕਿ ਉਹ ਗਰੀਬ ਪਰਿਵਾਰ ਨਾਲ ਸਬੰਧਤ ਹਨ ਤੇ ਲੜਕੇ ਦੀ ਖ਼ੁਸ਼ੀ ਲਈ ਉਨ੍ਹਾਂ ਨੇ ਲੋਕਾਂ ਤੋਂ ਪੈਸੇ ਉਧਾਰ ਲੈ ਕੇ ਲੜਕੀ ਨੂੰ ਵਿਦੇਸ਼ ਭੇਜਿਆ ਸੀ। ਹਾਲਾਂਕਿ ਪੁਲੀਸ ਨੇ ਪਰਿਵਾਰ ਨੂੰ ਭਰੋਸਾ ਦਿੱਤਾ ਹੈ ਕਿ ਉਨ੍ਹਾਂ ਨੂੰ ਇਨਸਾਫ਼ ਦਿੱਤਾ ਜਾਵੇਗਾ।

# ਅਮਰੀਕਾ 'ਚ ਸੜਕ ਹਾਦਸੇ ਵਿਚ ਪੰਜਾਬ ਦੀ ਮੈਡੀਕਲ ਵਿਦਿਆਰਥਣ ਹਲਾਕ

ਟਾਂਡਾ-ਅਮਰੀਕਾ ਵਿੱਚ ਇੱਕ ਸੜਕ ਹਾਦਸੇ ਵਿੱਚ 22 ਸਾਲਾ ਪੰਜਾਬੀ ਮੁਟਿਆਰ ਦੀ ਮੌਤ ਹੋ ਗਈ। ਮ੍ਰਿਤਕਾ ਦੀ ਪਛਾਣ ਗੁਰਜੋਤ ਕੌਰ ਵਜੋਂ ਹੋਈ ਹੈ, ਜੋ ਟਾਂਡਾ ਤੋਂ ਵਿਧਾਇਕ ਜਸਵੀਰ ਸਿੰਘ ਰਾਜਾ ਦੀ ਭਾਣਜੀ ਹੈ। ਉਹ ਮੈਡੀਕਲ ਦੀ ਵਿਦਿਆਰਥਣ ਸੀ। ਇਸ ਹਾਦਸੇ ਕਾਰਨ ਇਲਾਕੇ ਵਿੱਚ ਸੋਗ ਦੀ ਲਹਿਰ ਫੈਲ ਗਈ। ਇਹ ਹਾਦਸਾ ਕੈਲੇਫੋਰਨੀਆ ਦੇ ਸ਼ਹਿਰ ਸਟੌਕਟਨ ਵਿੱਚ ਕੱਲ੍ਹ ਸਵੇਰੇ ਉਸ ਸਮੇਂ ਵਾਪਰਿਆ ਜਦੋਂ ਗੁਰਜੋਤ ਕੌਰ ਕਾਰ ਰਾਹੀਂ ਕਾਲਜ ਜਾ ਰਹੀ ਸੀ। ਉਸ ਦੀ ਕਾਰ ਸਾਹਮਣੇ ਤੋਂ ਆ ਰਹੇ ਵਾਹਨ ਨਾਲ ਟਕਰਾ ਗਈ। ਗੁਰਜੋਤ ਕੌਰ ਦੇ ਪਿਤਾ ਬਲਵੀਰ ਸਿੰਘ ਕੁਝ ਦਿਨ ਪਹਿਲਾਂ ਹੀ ਆਪਣੇ ਪਿੰਡ ਘੁੱਗ ਨੇੜੇ ਭੋਗਪੁਰ ਆਏ ਹੋਏ ਹਨ। ਸਮਾਜਿਕ ਤੇ ਸਿਆਸੀ ਆਗੂਆਂ ਨੇ ਵਿਧਾਇਕ ਜਸਵੀਰ ਸਿੰਘ ਰਾਜਾ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।


ਸਪੈਸ਼ਲ ਸੇਲ !
www.dream-carpets.com
dream
carpets
Shaw FLOORS
Ansonylon
STAINMASTER CARPET
ClearTouch
from $1.98 SF
Berber
Installed
Textured Saxony
Installed
from $2.28 SF
ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ
Where The Builders Buy!
NEW HOME SPECIALISTS
Laminate Floor
8.3mm thick
25 years warranty
Click Do It Yourself
German technology
.99 cent
Commercial Carpet
Starts From
.78 cent
Berber
Starts From
.78 cent
Area Rug (5x8)
Starts From
$68
NOBODY KNOWS FLOORING LIKE DREAM CARPETS
SERVING WESTERN CANADA FOR OVER 38 YEARS
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Ashok
SURREY / DELTA
8385 - 120th Street
604-572-8788
Monday to Saturday
9:00-5:30
Sunday Closed
Perry
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00
Butch




ਲੜੀਵਾਰ ਮਹਾਂ ਕਾਵਿ

# ਕਿਸ ਬਿਧ ਲਈ ਆਜ਼ਾਦੀ




## ਲੇਖਕ : ਹਰਚੰਦ ਸਿੰਘ ਬਾਗੜੀ

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

### 1775 ਈ: ਦੀ ਵਿਸਾਖੀ ਨੂੰ ਸਿੱਖ ਸੰਗਤਾਂ ਨੇ ਮੁੜ ਹਰਿਮੰਦਰ ਸਾਹਿਬ ਦੀ ਉਸਾਰੀ ਦਾ ਕਾਰਜ ਸ਼ੁਰੂ ਕੀਤਾ

1811 ਅਬਦਾਲੀ ਦੇ ਮਰ ਮੁੱਕ ਜਾਣ ਪਿੱਛੋਂ, ਦਰਬਾਰ ਸਾਹਿਬ ਦਾ ਮੁੜ ਨਿਰਮਾਣ ਕੀਤਾ।
ਜਥਾ ਯੋਗ ਸੀ ਉੱਥੇ ਸੰਗਤਾਂ ਨੇ, ਕਈ ਲੱਖ ਰੁਪਇਆ ਦਾਨ ਕੀਤਾ।
ਸੁਰ ਸਿੰਘ ਵਾਲੇ ਦੇਸ਼ ਰਾਜ ਤਾਈਂ, ਇਸ ਸੇਵਾ ਦੇ ਲਈ ਪ੍ਰਧਾਨ ਕੀਤਾ।
ਸੇਵਾ ਲੈ ਲਈ ਹੱਸ ਹਰਚੰਦ ਸਿੰਘਾ, ਭਲੇ ਪੁਰਖ ਨੇ ਹੁਕਮ ਪਰਵਾਨ ਕੀਤਾ॥
1812 ਮੀਆਂ ਮੀਰ ਨੇ ਜਿੱਥੇ ਸੀ ਇੱਟ ਰੱਖੀ, ਉਸੇ ਥਾਂ ਤੋਂ ਸ਼ੁਰੂ ਕਰਾਇਆ ਏ।
ਭਾਈ ਸਾਹਿਬ ਨੇ ਖੜ੍ਹ ਅਰਦਾਸ ਕੀਤੀ, ਜੈਕਾਰਾ ਸੰਗਤਾਂ ਰਲ ਕੇ ਲਾਇਆ ਏ।
ਜੱਸਾ ਸਿੰਘ ਜੀ ਆਹਲੂਵਾਲੀਏ ਨੇ, ਚੂਨਾ ਘੋਲ ਕੇ ਹੱਥੀਂ ਪਾਇਆ ਏ।
ਰਾਜ-ਮਿਸਤਰੀ ਸੇਵਾਦਾਰ ਲੱਗੇ, ਹਰਚੰਦ ਸਿੰਘਾ ਕੰਮ ਚਲਾਇਆ ਏ॥

### ਅਬਦਾਲੀ ਦੇ ਮੁੱਕ ਜਾਣ ਪਿੱਛੋਂ ਉਸਦੇ ਪੁੱਤਰ ਤੈਮੂਰ ਸ਼ਾਹ ਨੇ ਹਮਲੇ ਜਾਰੀ ਰੱਖੇ ਪਹਿਲਾ ਹਮਲਾ ਜਨਵਰੀ 1775 ਈ: ਨੂੰ ਕੀਤਾ

1813 ਅਬਦਾਲੀ ਵਾਂਗ ਹੀ ਪੁੱਤ ਤੈਮੂਰ ਉਸਦਾ, ਫੇਰ ਚੜ੍ਹ ਪੰਜਾਬ ਤੇ ਆਇਆ ਏ।
ਤਰੁਣਾ ਦਲ ਦੀ ਨਜ਼ਰ ਸੀ ਇਸ ਪਾਸੇ, ਸਿੰਘਾਂ ਆਣ ਕੇ ਮੱਥਾ ਲਾਇਆ ਏ।
ਝਨਾਅ ਉਸਨੂੰ ਕਰਨ ਨਾ ਪਾਰ ਦਿੱਤੀ, ਤੇਗਾਂ ਮਾਰ ਕੇ ਮੂੰਹ ਭੁਆਇਆ ਏ।
ਹਰਚੰਦ ਸਿੰਘਾ ਐਸੀ ਮਾਰ ਮਾਰੀ, ਪੰਜ ਸਾਲ ਨਾ ਮੋੜਾ ਪਾਇਆ ਏ॥
1814 ਠੱਲ੍ਹ ਪਈ ਜਦ ਬਾਹਰੀ ਹਮਲਿਆਂ ਤੋਂ, ਆਪਸ ਵਿੱਚ ਫਿਰ ਲੜਨ ਸਰਦਾਰ ਲੱਗੇ।
ਸ਼ਰੀਕੇਵਾਜੀਆਂ ਵੱਟਾਂ ਦੇ ਪਏ ਰੌਲੇ, ਇਕ ਦੂਜੇ ਨੂੰ ਕਰਨ ਖੁਆਰ ਲੱਗੇ।
ਕੁੱਝ ਗੁੱਟ ਬਣਾ ਕੇ ਬੈਠ ਗਏ, ਬਹੁਤੇ ਸਿੰਘ ਜਮਨਾ ਪਾਰ ਲੱਗੇ।
ਮੌਕਾ ਤਾੜ ਕੇ ਫਿਰ ਹਰਚੰਦ ਸਿੰਘਾ, ਤੈਮੂਰ ਸ਼ਾਹ ਸੀ ਮੁੜ ਹੋਣ ਤਿਆਰ ਲੱਗੇ॥

### 1780 ਈ: ਨੂੰ ਤੈਮੂਰ ਦਾ ਦੂਜਾ ਹਮਲਾ

1815 ਦੂਜੀ ਵਾਰ ਸੀ ਜਦ ਤੈਮੂਰ ਆਇਆ, ਮੁਲਤਾਨ ਲਾਗੇ ਸੀ ਫਿਰ ਘਮਸਾਨ ਹੋਇਆ।
ਸਿੰਘ ਮਾਲੀਆ ਕੱਠਾ ਕਰਦੇ ਸੀ, ਗਿਰਦੇ ਸਿੰਘਾਂ ਦੇ ਉਹੋ ਸੀ ਆਣ ਹੋਇਆ।
ਸਿੰਘ ਘੱਟ ਤੇ ਉਸਦੀ ਫੌਜ ਭਾਰੀ, ਤਾਂ ਹੀ ਸਿੰਘਾਂ ਨੂੰ ਉੱਥੇ ਹਾਣ ਹੋਇਆ।
ਹਰਚੰਦ ਸਿੰਘਾ ਦਲ ਸੀ ਬਿਖਰ ਗਿਆ, ਹੱਥ ਤੈਮੂਰ ਦੇ ਉਦੋਂ ਮੁਲਤਾਨ ਹੋਇਆ॥
1816 ਮਾਰ ਪਈ ਤੇ ਸਿੰਘਾਂ ਨੂੰ ਸੁਰਤ ਆਈ, ਮੇਲ ਜੋਲ ਉਹ ਮੁੜ ਵਧਾਉਣ ਲੱਗੇ।
ਇਸੇ ਸਾਲ ਨਵੰਬਰ ਦੇ ਵਿੱਚ ਆਇਆ, ਸਿੰਘ ਉਸਨੂੰ ਹੱਥ ਵਿਖਾਉਣ ਲੱਗੇ।
ਬਹਾਵਲ ਪੁਰ ਤੋਂ ਮੁੜ ਗਿਆ ਮਾਰ ਖਾ ਕੇ, ਦੁਰਾਨੀ ਲੜਨ ਤੋਂ ਕੰਨੀਂ ਕਤਰਾਉਣ ਲੱਗੇ।
ਹਰਚੰਦ ਸਿੰਘਾ ਪਚਾਸੀਏ ਫਿਰ ਆਇਆ, ਮੁੜ ਗਿਆ ਜਾਂ ਸਿੰਘ ਸਤਾਉਣ ਲੱਗੇ॥

### ਪੰਜਵੀਂ ਵਾਰ ਦਸੰਬਰ 1788 ਈ: ਵਿੱਚ ਰਾਜਪੂਤਾਂ ਅਤੇ ਰਾਜਾ ਵਿਜੇ ਸਿੰਘ ਜੋਧਪੁਰੀਏ ਨੇ ਤੈਮੂਰ ਨੂੰ ਸਹਾਇਤਾ ਲਈ ਸੱਦਿਆ। ਬਹੁਤ ਭਾਰੀ ਗਿਣਤੀ ਵਿੱਚ ਫੌਜ ਹੋਣ ਦੇ ਬਾਵਜੂਦ ਵੀ ਉਸਦਾ ਹੀਆ ਨਾ ਪਿਆ

1817 ਤੈਮੂਰ ਚਾਹੁੰਦਾ ਸੀ ਹਿੰਦ ਦੀ ਲੁੱਟ ਕਰਨੀ, ਦਿੱਲੀ, ਆਗਰਾ, ਮਥਰਾ ਜਾ ਕੇ ਜੀ।
ਬਾਪ ਵਾਂਗ ਹੀ ਕਤਲੇਆਮ ਕਰਕੇ, ਦਿੱਲੀ ਬੈਠਾਂ ਸੇਜ ਸਜਾ ਕੇ ਜੀ।
ਮੁਗਲ ਬੇਟੀਆਂ ਭਰ ਜਵਾਨ ਹੂਰਾਂ, ਬਣਾਵਾਂ ਬੇਗਮਾਂ ਜ਼ੋਰ ਦਿਖਾ ਕੇ ਜੀ।
ਹਰਚੰਦ ਸਿੰਘਾ ਖੜ੍ਹੇ ਪਰ ਸਿੰਘ ਮੂਹਰੇ, ਹਿੰਦੁਤਸਾਨ ਦੇ ਕੰਧ ਬਣਾ ਕੇ ਜੀ॥
1818 ਹੱਲਾਸ਼ੇਰੀ ਜਰਨੈਲਾਂ ਨੇ ਬੜੀ ਦਿੱਤੀ, ਦੇਣਾ ਸਿੰਘਾਂ ਨੂੰ ਘੱਟੇ ਰੁਲਾ ਮੀਆਂ।
ਕਰੋ ਹੌਸਲਾ ਮਰਦ ਦਲੇਰ ਬਣੋ, ਦਈਏ ਦਿੱਲੀ ਦੀ ਲੁੱਟ ਮਚਾ ਮੀਆਂ।
ਤੈਮੂਰ ਕਹਿੰਦਾ 'ਕੱਠੇ ਜੇ ਹੋ ਗਏ, ਇਹ ਸਿੰਘ ਨੇ ਬੁਰੀ ਬਲਾ ਮੀਆਂ।
ਹਰਚੰਦ ਸਿੰਘਾ ਲੈ ਖਰਾਜ ਮੁੜਿਆ, ਬਹਾਵਲ ਪੁਰ ਤੋਂ ਮੂੰਹ ਲਮਕਾ ਮੀਆਂ॥

### ਕਵੀਓ ਵਾਚ

1819 ਉਸ ਸਮੇਂ ਹਿੰਦੁਸਤਾਨ ਅੰਦਰ, ਤਿੰਨ ਤਾਕਤਾਂ ਹੋਂਦ ਵਿਚ ਆਈਆਂ ਜੀ।
ਮਰਾਠੇ, ਫਿਰੰਗੀ ਤੀਸਰੇ ਸਿੰਘ ਹੋਏ, ਜਿਨ੍ਹਾਂ ਪਲਟਣਾ ਖੂਬ ਬਣਾਈਆਂ ਜੀ।
ਮੁਗਲ ਰਾਜ ਨੂੰ ਖੋਰਾ ਲੱਗਿਆ ਸੀ, ਥਾਂ ਥਾਂ ਤੇ ਵੰਡੀਆਂ ਪਾਈਆਂ ਜੀ।
ਹਰਚੰਦ ਸਿੰਘਾ ਤਿੰਨੇ ਤਾਕਤਾਂ ਨੇ, ਅੱਖਾਂ ਦਿੱਲੀ ਦੇ ਉੱਤੇ ਟਿਕਾਈਆਂ ਜੀ॥

### ਅੰਗਰੇਜ਼ ਅਤੇ ਮਰਾਠਿਆਂ ਦੀਆਂ ਫ਼ੌਜਾਂ ਆਪੋ ਆਪਣੀ ਕਮਾਨ ਥੱਲੇ ਜਥੇਬੰਦ ਸਨ ਪਰ ਹਰ ਮਿਸਲ ਸੁਤੰਤਰ ਹੋਣ ਕਰਕੇ ਸਿੰਘਾਂ ਦੀ ਸ਼ਕਤੀ ਵੰਡੀ ਹੋਈ ਸੀ

1820 ਉਸ ਸਮੇਂ ਅੰਗਰੇਜ਼ ਲਿਖਾਰੀਆ ਨੇ, ਜੋ ਕੀਤੇ ਅੰਕੜੇ ਪੇਸ਼ ਭਾਈ।
ਸਿੰਘ ਸ਼ਕਤੀ ਇੰਨੀ ਬਲਵਾਨ ਹੈ ਸੀ, ਤੁੱਲ ਕੋਈ ਨਾ ਇਸਦੇ ਜੈਸ ਭਾਈ।
ਰਣਜੀਤ ਸਿੰਘ ਜੋ ਹੋਂਵਦਾ ਉਸ ਵੇਲੇ, ਮੁੱਕ ਜਾਂਦੇ ਸਭ ਕਲੇਸ਼ ਭਾਈ।
ਹਰਚੰਦ ਸਿੰਘਾ ਧੱਕ ਫਿਰੰਗੀਆਂ ਨੂੰ, ਛੱਡ ਆਉਂਦਾ ਉਨ੍ਹਾਂ ਦੇ ਦੇਸ਼ ਭਾਈ॥
1821 ਸਿੰਘ ਸਦੀਆਂ ਲੜੇ ਦੇਸ਼ ਲਈ, ਲੜਾਈ ਇਨ੍ਹਾਂ ਦੇ ਖ਼ੂਨ ਦਾ ਅੰਗ ਹੋਈ।
ਗੈਰ ਆਏ ਤਾਂ ਕੱਠੇ ਹੋ ਲੜੇ, ਅਣਖ ਜਦੋਂ ਜਦੋਂ ਵੀ ਡੰਗ ਹੋਈ।
ਦੁਸ਼ਮਣ ਲੜ ਕੇ ਜਦ ਭਜਾ ਦੇਂਦੇ, ਫਿਰ ਭਾਈਆਂ ਵਿੱਚ ਹੈ ਜੰਗ ਹੋਈ।
ਐਸੇ ਰੋਗ ਨੇ ਮਾਰੇ ਹਰਚੰਦ ਸਿੰਘਾ, ਤਾਂ ਹੀ ਦਿੱਲੀ ਨਾ ਸਿੰਘਾਂ ਤੋ ਲੰਘ ਹੋਈ॥

### ਅਪ੍ਰੈਲ 1782 ਈ: ਨੂੰ ਨਾਜ.ਫ ਖਾਂ ਮਰ ਗਿਆ। ਮਰਾਠੇ ਅਤੇ ਸਿੰਘਾਂ ਨੇ ਸਲਾਹ ਕਰਨੀ

1822 ਸਲਾਹ ਕੀਤੀ ਸਿੰਘਾਂ ਮਰਾਠਿਆਂ ਨੇ, ਤਾਕਤ ਆਪਣੀ ਆਪਾਂ ਮਿਲਾਈਏ ਜੀ।
ਬਾਦਸ਼ਾਹੀ ਦਿੱਲੀ ਦੀ ਖ਼ਤਮ ਕਰਕੇ, ਰਾਜਹਿੰਦ ਦਾ ਆਪ ਚਲਾਈਏ ਜੀ।
ਦੇਸ਼ੋਂ ਕੱਢੀਏ ਦੇਸ਼ ਦੇ ਦੁਸ਼ਮਣਾਂ ਨੂੰ, ਹਿੰਦੁਸਤਾਨ ਆਜ਼ਾਦ ਕਰਾਈਏ ਜੀ।
ਹਰਚੰਦ ਸਿੰਘਾ, ਤੁਰਕ-ਫਿਰੰਗੀਆਂ ਦੀ, ਆਪਾਂ ਰਲ ਕੇ ਰੇਲ ਬਣਾਈਏ ਜੀ॥

### ਅੰਗਰੇਜ਼ਾਂ ਨੇ ਦੋਵਾਂ ਵਿੱਚ ਸਮਝੌਤਾ ਨਾ ਹੋਣ ਦਿੱਤਾ

1823 ਕਾਂ ਅੱਖ ਅੰਗਰੇਜ਼ ਦੀ ਤਾੜ ਗਈ, ਮਰਾਠੇ ਵੱਲ ਸਿੰਘਾਂ ਦੇ ਜਾਂਵਦੇ ਨੇ।
ਭੇਦ ਕੱਢਿਆ ਭੇਜਕੇ ਵਿੱਚ ਭੇਤੀ, ਇਹ ਕਿਸ ਲਈ ਮੀਟਿੰਗਾਂ ਲਾਂਵਦੇ ਨੇ।
ਦੋਵੇਂ ਧਿਰਾਂ ਦੇ ਭਰਨ ਉਹ ਕੰਨ ਲੱਗੇ, ਮੰਤਰ ਆਪਣਾ ਉਹੋ ਚਲਾਂਵਦੇ ਨੇ।
ਫੁੱਟ ਪਾਉਣ ਦੇ ਮਾਹਰ ਹਰਚੰਦ ਸਿੰਘਾ, ਫੁੱਟ ਦੋਹਾਂ ਧਿਰਾਂ ਵਿੱਚ ਪਾਂਵਦੇ ਨੇ॥

### ਸਿੰਘਾਂ ਦਾ ਦਿੱਲੀ ਤੇ ਕਬਜ਼ਾ

1824 ਮਿਸਲ ਕਰੋੜੀਆਂ ਵਿੱਚ ਕਰਨਾਲ ਬੈਠੀ, ਬਘੇਲ ਸਿੰਘ ਸੀ ਜਥੇਦਾਰ ਬੇਲੀ।
ਦਿੱਲੀ ਕਿਉਂ ਨਾ ਆਪਾਂ ਹੀ ਮਾਰ ਲਈਏ, ਮਰਾਠੇ ਕਰ ਨੇ ਗਏ ਇਨਕਾਰ ਬੇਲੀ।
ਜਥੇਦਾਰ ਨੇ ਗੁਰਾਂ ਦਾ ਨਾਮ ਲੈ ਕੇ, ਕੀਤੇ ਗੱਭਰੂ ਮੁੰਡੇ ਤਿਆਰ ਬੇਲੀ।
ਹਰਚੰਦ ਸਿੰਘਾ ਕਿਤਾਬਾਂ ਕਹਿ ਰਹੀਆਂ, ਸਿੰਘ ਚੜ੍ਹੇ ਚਾਲੀ ਹਜ਼ਾਰ ਬੇਲੀ॥
1825 ਸਿੰਘਾਂ ਸੂਰਿਆਂ ਰਾਤ ਦਾ ਲੈ ਲਾਹਾ, ਫ਼ੌਜਾਂ ਜਾ ਦਿੱਲੀ ਤੇ ਚਾੜ੍ਹੀਆਂ ਨੇ।
ਹੋਇਆ ਟਾਕਰਾ ਸਿੰਘਾ ਪਛਾੜ ਦਿੱਤਾ, ਅਜਮੇਰੀ ਦਰਵਾਜ਼ਿਓਂ ਦਿੱਲੀ ਵਿੱਚ ਵਾੜੀਆਂ ਨੇ।
ਲੋਕਾਂ ਡਰ ਕੇ ਰਾਹ ਸੀ ਛੱਡ ਦਿੱਤੇ, ਬੰਦ ਹੋਏ ਬੂਹੇ ਤੇ ਬਾਰੀਆਂ ਨੇ।
ਹਰਚੰਦ ਸਿੰਘਾ ਫੁਰਤੀ ਖਾਲਸੇ ਦੀ, ਕਰਨ ਦਿੱਤੀਆਂ ਨਹੀਂ ਤਿਆਰੀਆਂ ਨੇ॥
1826 ਮੌਤ ਖੜ੍ਹੀ ਬੂਹੇ ਦੇ ਦਰ ਉਤੇ, ਬਾਦਸ਼ਾਹ ਨੇ ਮੰਨ ਲਈ ਹਾਰ ਮੀਆਂ।
ਇਸ ਲਈ ਨਾ ਲਹੂ-ਲੁਹਾਨ ਹੋਇਆ, ਘਰੀਂ ਪਈ ਨਾ ਚੀਖ-ਚਿਹਾਰ ਮੀਆਂ।
ਬੇ-ਲੋੜਾ ਲਹੂ ਨਾ ਡੋਲ੍ਹਦੇ ਨੇ, ਭਲਾ ਸਰਬੱਤ ਦਾ ਮੰਗਣ ਸਰਦਾਰ ਮੀਆਂ।
ਹਰਚੰਦ ਸਿੰਘਾ ਲੁੱਟ ਨਾ ਕਰੀ ਸਿੰਘਾਂ, ਦਿੱਤਾ ਬਾਦਸ਼ਾਹ ਰੋਕੜਾ 'ਤਾਰ ਮੀਆਂ॥
1827 ਝੰਡਾ ਦਿੱਲੀ ਤੇ ਚਾੜ੍ਹਿਆ ਖਾਲਸੇ ਨੇ, ਪਰ ਤਖ਼ਤ ਨਾ ਦਿੱਲੀ ਦਾ ਮੱਲਿਆ ਏ।
ਚੂੰਗੀ ਦਿੱਲੀ ਦੀ ਲੈਣੀ ਤਹਿ ਹੋਈ, ਹੁਕਮ ਸਿੰਘਾ ਦਾ ਉੱਥੇ ਚੱਲਿਆ ਏ।
ਬਾਦਸ਼ਾਹ ਨੂੰ ਰਾਖੀ ਦੇ ਵਿੱਚ ਲਿਆ, ਫਿਰੰਗੀ ਵੇਖ ਪੈਰਾਂ ਤੋਂ ਹਿੱਲਿਆ ਏ।
ਹਰਚੰਦ ਸਿੰਘਾ ਬਰਾਊਨ ਨੇ ਅਹਿਦਨਾਮਾ, ਲਿਖ ਵੱਲ ਸਿੰਘਾਂ ਦੇ ਘੱਲਿਆ ਏ॥

*(ਬਾਕੀ ਅਗਲ ਅੰਕ ਵਿਚ)*

49 YEARS OF EXCELLENCE
THE LINK GROUP
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Amarjit Singh
778-908-0523


Arya Bhalla
778-788-2429


Hardam S. Maan
604-308-6663


Shashi Madan
604-367-5611

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਸਿੱਖ ਸਭਿਆਚਾਰ ਦਾ ਜਸ਼ਨ ਹੈ ਹੋਲਾ ਮਹੱਲਾ



ਸਿੱਖ ਧਰਮ ਦੀ ਸਿਧਾਂਤਕ, ਇਤਿਹਾਸਿਕ ਤੇ ਸੱਭਿਆਚਾਰਕ ਵਿਲੱਖਣਤਾ ਦੇ ਕੁਝ ਪਹਿਲੂਆਂ ਵਿੱਚ ਨਿਵੇਕਲੀ ਕਿਸਮ ਦੇ ਉਤਸਵ ਵੀ ਸ਼ਾਮਿਲ ਹਨ। ਇਨ੍ਹਾਂ ਵਿੱਚੋਂ ਹੋਲਾ ਜਾਂ ਹੋਲਾ-ਮਹੱਲਾ ਸਿੱਖ ਸੱਭਿਆਚਾਰ ਦਾ ਇੱਕ ਅਜਿਹਾ ਉਤਸਵ ਹੈ, ਜਿਹੜਾ ਸਿੱਖ ਸੱਭਿਆਚਾਰ ਨਾਲ ਜੁੜੇ ਬਾਣੀ ਅਤੇ ਬਾਣੇ ਦੇ ਹੋਰ ਅਮੀਰ ਤਤਾਂ ਨੂੰ ਵੀ ਰੂਬਰੂ ਕਰਉਂਦਾ ਹੈ। ਇਹ ਸਿੱਖ ਉਤਸਵਾਂ ਦੀ ਵਿਲੱਖਣਤਾ ਦੀ ਖ਼ੂਬਸੂਰਤ ਵੰਨਗੀ ਦਾ ਜਾਮਨ ਵੀ ਹੈ। ਹੋਲਾ-ਮਹੱਲਾ ਮਨਾਉਣ ਦੀ ਰਵਾਇਤ ਅਨੁਸਾਰ ਚੇਤ ਵਦੀ 1 ਨੂੰ ਤਖ਼ਤ ਸ੍ਰੀ ਕੇਸਗੜ੍ਹ, ਆਨੰਦਪੁਰ ਸਾਹਿਬ ਵਿਖੇ ਸਿੱਖ ਸੰਗਤਾਂ ਅਤੇ ਉਚੇਚੇ ਤੌਰ 'ਤੇ ਨਿਹੰਗ ਸਿੰਘ ਇਕੱਤਰ ਹੋ ਕੇ ਇਹ ਉਤਸਵ ਮਨਾਉਂਦੇ ਹਨ। ਇਸ ਦਾ ਹੋਲੀ ਦੀ ਰਸਮ ਨਾਲ ਕੋਈ ਸਬੰਧ ਨਹੀਂ। ਇਹ ਉਤਸਵ ਹਰ ਸਿੱਖ ਦੇ ਪੂਰਾ ਸਿਪਾਹੀ ਅਤੇ ਸ਼ਸਤਰ ਵਿੱਦਿਆ ਤੋਂ ਜਾਣੂ ਹੋਣ ਦੇ ਫ਼ਰਜ਼ ਨੂੰ ਚੇਤੇ ਕਰਵਾਉਂਦਾ ਹੈ। ਇਸ ਪਿੱਛੇ ਮੀਰੀ-ਪੀਰੀ ਤੇ ਸੰਤ ਸਿਪਾਹੀ ਦੇ ਦੋ ਧਾਰਾਵੀ ਇੱਕ ਆਦਰਸ਼ ਦੀ ਭਾਵਨਾ ਵਿਦਮਾਨ ਹੈ। ਭਾਰਤੀ ਮਿਥਿਹਾਸ ਵਿਚਲੇ ਹਰਨਾਖਸ਼ ਦੀ ਭੈਣ ਹੋਲਿਕਾ ਦੇ ਨਾਂ 'ਤੇ ਪ੍ਰਚੱਲਿਤ 'ਹੋਲੀ' ਦਾ ਤਿਉਹਾਰ, ਇੱਕ ਦੂਜੇ 'ਤੇ ਰੰਗ ਸੁਟ ਕੇ ਮਨਾਇਆ ਜਾਂਦਾ ਹੈ। ਪੁਰਾਣਾਂ ਵਿੱਚ ਹੋਲੀ ਦੀ ਕਥਾ ਇਸ ਤਰ੍ਹਾਂ ਮਿਲਦੀ ਹੈ ਕਿ ਪ੍ਰਹਿਲਾਦ ਭਗਤ ਦੀ ਭੂਆ ਢੁੰਡਾ (ਹੋਲਿਕਾ) ਸ਼ਿਵ ਦੇ ਵਰਦਾਨ ਕਰਕੇ ਭਸਮ ਨਹੀਂ ਹੋ ਸਕਦੀ ਸੀ। ਹਰਨਯਕਸ਼ਪ ਨੇ ਪ੍ਰਹਿਲਾਦ ਨੂੰ ਢੁੰਡਾ ਦੀ ਗੋਦੀ ਬੈਠਾ ਕੇ ਕਾਠ ਦੇ ਢੇਰ ਨੂੰ ਅੱਗ ਲਾ ਦਿਤੀ, ਕਰਤਾਰ ਦੀ ਕ੍ਰਿਪਾ ਨਾਲ ਪ੍ਰਹਿਲਾਦ ਬਚ ਗਿਆ ਅਰੁ ਢੁੰਡਾ ਸੜ ਗਈ। ਹਿੰਦੂ ਪੂਰਨਮਾਸ਼ੀ ਵਾਲੇ ਦਿਨ ਦੁਸ਼ਟਾਤਮਾ ਢੁੰਡਾ ਦੀ ਚਿਤਾ ਦੀ ਨਕਲ



ਬਣਾ ਕੇ ਸਾੜ ਦੇ ਅਰੁ ਉਸ ਦੀ ਸੁਆਹ ਉਡਾਉਂਦੇ ਹਨ। ਪਰ ਗੁਰਮਤਿ ਵਿੱਚ ਇਹ ਪ੍ਰਵਾਨ ਨਹੀਂ। ਗੁਰਬਾਣੀ ਵਿੱਚ ਹੋਲੀ ਲਈ 'ਫਾਗ' ਸ਼ਬਦ ਵੀ ਵਰਤਿਆ ਗਿਆ ਹੈ। ਫੱਗਣ ਸੁਦੀ 11 ਤੋਂ 15 ਤਕ ਲੋਕ ਫਾਗ (ਹੋਲੀ) ਖੇਡਦੇ ਅਤੇ ਊਧਮ ਮਚਾਉਂਦੇ ਹਨ। ਗੁਰੂ ਸਾਹਿਬਾਨ ਨੇ ਇਸ ਰੀਤੀ ਦਾ ਨਿਸ਼ੇਧ ਕਰਕੇ ਉਤਮ ਫਾਗ ਦਾ ਉਪਦੇਸ਼ ਦਿਤਾ ਹੈ:

**ਆਜੁ ਹਮਾਰੈ ਬਨੇ ਫਾਗ॥**
**ਪ੍ਰਭ ਸੰਗੀ ਮਿਲਿ ਖੇਲਨ ਲਾਗ॥**
**ਹੋਲੀ ਕੀਨੀ ਸੰਤ ਸੇਵ॥**
**ਰੰਗੁ ਲਾਗਾ ਅਤਿ ਲਾਲ ਦੇਵ॥**

ਸੋ ਸਿੱਖਾਂ ਵਿੱਚ ਇਹ ਤਿਉਹਾਰ ਮੂਲੋਂ ਹੀ ਨਿਵੇਕਲੇ ਤੇ ਵਿਲੱਖਣ ਰੂਪ ਵਿੱਚ 'ਹੋਲਾ' ਦੇ ਰੂਪ ਵਿੱਚ ਮਨਾਇਆ ਜਾਣ ਲੱਗਾ। ਬਾਬਾ ਸੁਮੇਰ ਸਿੰਘ ਪਟਨਾ ਸਾਹਿਬ ਇਸ ਵਿਲੱਖਣਤਾ ਦਾ ਜ਼ਿਕਰ ਕਰਦੇ ਹਨ:

**ਔਰਨ ਕੀ ਹੋਲੀ ਮਮ ਹੋਲਾ।**
**ਕਹਯੋ ਕ੍ਰਿਪਾਨਿਧਿ ਬਚਨ ਅਮੋਲਾ।**

ਮਹਾਨ ਕੋਸ਼ ਅਨੁਸਾਰ 'ਹੋਲੇ' ਦਾ ਅਰਥ ਹੱਲਾ ਅਤੇ ਹੱਲੇ ਦੀ ਥਾਂ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸੇ ਨੂੰ ਸ਼ਸਤਰ ਅਤੇ ਯੁੱਧ ਵਿੱਦਿਆ ਵਿੱਚ ਨਿਪੁੰਨ ਕਰਨ ਹਿੱਤ ਰੀਤ ਚਲਾਈ ਸੀ ਕਿ ਦੋ ਦਲ ਬਣਾ ਕੇ ਮੁਖੀ ਸਿੰਘਾਂ ਦੀ ਅਗਵਾਈ ਹੇਠ ਇੱਕ ਖ਼ਾਸ ਥਾਂ 'ਤੇ ਕਬਜ਼ਾ ਕਰਨਾ। ਗੁਰੂ ਸਾਹਿਬ ਇਸ ਮਸਨੂਈ ਜੰਗ ਦੇ ਜੌਹਰ ਦੇਖਦੇ ਸਨ ਤੇ ਦੋਹਾਂ ਦਲਾਂ ਨੂੰ ਸਿੱਖਿਆ ਦਿੰਦੇ ਸਨ। ਜਿਹੜਾ ਦਲ ਕਾਮਯਾਬ ਹੁੰਦਾ ਉਸ ਨੂੰ ਦੀਵਾਨ ਵਿੱਚ ਸਿਰੋਪਾ ਬਖ਼ਸ਼ਦੇ ਸਨ। ਹੋਲੀ ਇੱਕ ਮੌਸਮੀ ਤਿਉਹਾਰ ਹੈ। ਜਦੋਂ ਸਿਆਲ ਬੀਤਦਾ ਹੈ ਅਤੇ ਗੁਲਾਬੀ ਰੁੱਤ ਸ਼ੁਰੂ ਹੁੰਦੀ ਹੈ ਤਾਂ ਹਰ ਦੇਸ਼ ਵਿੱਚ ਖ਼ੁਸ਼ੀ ਤੇ ਆਨੰਦ ਦੇ ਆਪੋ ਆਪਣੇ ਰਿਵਾਜ ਹੁੰਦੇ ਹਨ। ਭਾਰਤ ਵਿੱਚ ਹੋਲੀ ਕੰਮਾਂ ਤੋਂ ਵੇਹਲੇ ਰਹਿ ਕੇ ਖ਼ੁਸ਼ੀ ਮਨਾਉਣ ਦਾ ਇਕ ਢੰਗ ਸੀ, ਜੋ ਵਿਗੜਦੀ ਵਿਗੜਦੀ ਮਿੱਟੀ ਜਾਂ ਸੁਆਹ ਉਡਾਉਣ ਤਕ ਚਲੀ ਗਈ। ਗੁਰਸਿੱਖਾਂ ਵਿੱਚ ਇਹ ਕੀਰਤਨ, ਸੰਤ ਸੇਵਾ, ਪ੍ਰਸ਼ਾਦਿ, ਗੁਰ-ਦਰਸ਼ਨ ਆਦਿ ਰੰਗਾਂ ਵਿੱਚ ਹੁੰਦੀ ਸੀ। ਆਮ ਤੌਰ 'ਤੇ ਸੋਹਣੇ ਤਰੀਕੇ ਦੀ ਹੋਲੀ ਵੀ ਸਿੱਖ ਖੇਡਿਆ ਕਰਦੇ ਸਨ। ਗੁਰੂ ਦਰਬਾਰਾਂ ਵਿੱਚ ਅਤਰ, ਗੁਲਾਬ ਆਦਿ ਦਾ ਵਰਤਾਓ ਵੀ ਹੁੰਦਾ ਸੀ। ਸੰਮਤ 1757 ਦੀ ਹੋਲੀ ਆਉਣ ਤੋਂ ਪਹਿਲਾਂ ਤਿਆਰੀ ਆਰੰਭੀ ਗਈ। ਹੋਲਗੜ੍ਹ ਇੱਕ ਨਵਾਂ ਸਥਾਨ ਰਚਿਆ ਗਿਆ। ਹੋਲੇ ਤੋਂ ਅਗਲੇ ਦਿਨ ਖ਼ਾਲਸਾ ਦਲਾਂ ਦੇ ਦੋ ਹਿੱਸੇ ਕੀਤੇ ਗਏ। ਇੱਕ ਹਿੱਸਾ ਤਾਂ ਹੋਲਗੜ੍ਹ ਉੱਤੇ ਕਬਜ਼ਾ ਕਰ ਮੋਰਚੇ ਲਾ ਕੇ ਬੈਠ ਗਿਆ ਤੇ ਦੂਜਾ



ਹਿੱਸਾ ਉਨ੍ਹਾਂ ਉੱਤੇ ਧਾਵੀ ਹੋ ਕੇ ਚੜ੍ਹਿਆ। ਇਸ ਦੀ ਅਗਵਾਈ ਗੁਰੂ ਜੀ ਆਪ ਕਰ ਰਹੇ ਸਨ। ਅੱਗੇ ਨਿਸ਼ਾਨ ਸਾਹਿਬ ਲਾਏ ਗਏ। ਵਿਉਂਤ ਦਰਸਾਈ ਗਈ ਕਿ ਸਮਝੋ ਹੋਲਗੜ੍ਹ ਇੱਕ ਕਿਲ੍ਹਾ ਹੈ ਜੋ ਵੈਰੀ ਦੇ ਹੱਥ ਹੈ। ਅਸਾਂ ਅੱਜ ਹੱਲਾ ਕਰਕੇ ਪੈਣਾ ਹੈ। ਅੱਗੋਂ ਉਹ ਤਿਆਰ ਬਰ ਤਿਆਰ ਹਨ ਕਿ ਸਾਨੂੰ ਕਬਜ਼ਾ ਨਾ ਕਰਨ ਦੇਣ। ਗੋਲੀ ਨਾਲ ਮਾਰ ਦੇਣ ਦਾ ਹੁਕਮ ਬੰਦ ਸੀ ਕਿਉਂਕਿ ਦੋਵੇਂ ਪਾਸੇ ਖ਼ਾਲਸਾ ਸੀ। ਇਹ ਤਾਂ ਖ਼ਾਲਸੇ ਨੇ ਆਪੋ ਵਿੱਚ ਮਸ਼ਕ ਕਰਨੀ ਸੀ ਤੇ ਗੁਰਾਂ ਨੇ ਜਾਚ ਸਿਖਾਉਣੀ ਸੀ। ਸੋ ਗੁਰੂ ਜੀ ਨਿਸ਼ਾਨਾਂ ਦੀ ਤਾਬਿਆ ਸਾਰੇ ਦਲ ਨੂੰ ਨਾਲ ਕੇ ਅਗੇ ਵਧੇ ਤੇ ਹੋਲਗੜ੍ਹ 'ਤੇ ਜਾ ਪਏ। ਡੇਢ ਪਹਿਰ ਦੁਵੱਲਾ ਘਮਸਾਨ ਪਿਆ ਰਿਹਾ। ਰੋਕਣ ਵਾਲੇ ਦਲ ਦੇ ਸਫ਼ੈਦ ਕਪੜੇ ਸਨ ਅਤੇ ਸਤਿਗੁਰਾਂ ਦੇ ਦਲ ਦੇ ਹਲਕੇ ਕੇਸਰੀ ਰੰਗ ਦੇ ਕੱਪੜੇ ਸਨ। ਕਾਫ਼ੀ ਸਮੇਂ ਦੀ ਜੱਦੋਜਹਿਦ ਮਗਰੋਂ ਹੋਲਗੜ੍ਹ ਵਾਲੇ ਹਾਰ ਗਏ ਤੇ ਸਤਿਗੁਰੂ ਜੀ ਜੈਕਾਰੇ ਗਜਾਉਂਦੇ ਅੰਦਰ ਆ ਵੜੇ। ਧਾਵਾ ਕਾਮਯਾਬ ਹੋਇਆ ਅਤੇ ਸਾਰੀ ਫ਼ੌਜ ਇਕਮਿਕ ਹੋ ਗਈ। ਉਸੇ ਥਾਵੇਂ ਦੀਵਾਨ ਸਜਿਆ। ਫਿਰ ਅਤਰ, ਅੰਬੀਰ, ਕੇਸਰ ਅਤੇ ਗੁਲਾਬ ਉੱਡੇ। ਗੁਰੂ ਗੋਬਿੰਦ ਸਿੰਘ ਜੀ ਕੇਸਰੀ ਰੰਗ ਦੀਆਂ ਪਿਚਕਾਰੀਆਂ ਚਲਾਉਂਦੇ ਰਹੇ। ਗੁਲਾਬ ਆਪਣੇ ਹੱਥੀਂ ਉਡਾਇਆ। ਇਸ ਤਰ੍ਹਾਂ ਇਸ ਹੱਲੇ ਜਾਂ ਹੋਲੇ ਦਾ ਨਾਂ ਹੋਲਾ ਮਹੱਲਾ ਟਿਕ ਗਿਆ। ਬੋਲਾ 'ਮਾਯ ਹਲਾ' ਸਤਿਗੁਰਾਂ ਨੇ ਆਪ ਰਚਿਆ ਸੀ। ਜਿਸ ਦਾ ਅਰਥ ਹੈ 'ਬਣਾਉਟੀ ਹਮਲਾ'। ਪਹਿਲਾ ਮਾਯ ਹਲਾ ਸਤਿਗੁਰਾਂ ਨੇ ਹੋਲੇ 'ਤੇ ਮੁਕਰਰ ਕੀਤਾ। ਇਹ ਮਾਯ ਹਲਾ ਬੋਲਚਾਲ ਵਿੱਚ 'ਮਹਲਾ' ਬਣ ਗਿਆ। ਅੱਜ ਤਕ ਖ਼ਾਲਸਾ ਪੰਥ ਵਿੱਚ 'ਮਹੱਲੇ' ਦਾ ਰਿਵਾਜ ਹੈ ਜਿਸ ਤਹਿਤ ਖ਼ਾਲਸਾ, ਨਿਸ਼ਾਨਾਂ ਦੀ ਤਾਬਿਆ ਇੱਕ ਗੁਰ ਅਸਥਾਨ ਤੋਂ ਦੂਜੇ ਤਕ ਜਾਂ ਮੁੜ ਓਸੇ ਟਿਕਾਣੇ ਤਕ ਚੜ੍ਹ ਕੇ ਜਾਂਦਾ ਹੈ। ਹੁਣ ਇਹ ਨਿਰੋਲ ਧਾਰਮਿਕ ਰੂਪ ਵਿੱਚ ਹੈ। ਸ਼ਬਦ ਗਾਏ ਜਾਂਦੇ ਹਨ, ਸੰਗਤਾਂ ਪ੍ਰਸ਼ਾਦਿ ਭੇਟ ਕਰਦੀਆਂ ਅਤੇ ਟਿਕਾਣੇ ਅਪੜਕੇ ਭੋਗ ਪਾਇਆ ਜਾਂਦਾ ਹੈ। ਸ੍ਰੀ ਅੰਮ੍ਰਿਤਸਰ ਵਿੱਚ ਹੋਲੇ ਨੂੰ ਅਕਾਲ ਤਖਤ ਸਾਹਿਬ ਤੋਂ ਮਹੱਲਾ ਹੁਣ ਤਕ ਨਿਸ਼ਾਨਾਂ ਦੀ ਤਾਬਿਆ ਧੌਂਸਿਆਂ ਨਾਲ ਚੜ੍ਹਦਾ ਹੈ। ਹੋਲੇ-ਮਹੱਲੇ ਦੇ ਉਤਸਵ 'ਤੇ ਗੁਰੂ ਕੀਆਂ ਲਾਡਲੀਆਂ ਫ਼ੌਜਾਂ ਨਿਹੰਗ ਸਿੰਘਾਂ ਵੱਲੋਂ ਖ਼ਾਲਸਾਈ ਕਰਤਵ ਦਿਖਾਏ ਜਾਂਦੇ ਹਨ। ਸ਼ਸਤਰਾਂ ਦਾ ਅਭਿਆਸ, ਘੋੜ ਦੌੜ, ਗਤਕਾਬਾਜ਼ੀ, ਨੇਜ਼ਾਬਾਜ਼ੀ, ਤੀਰਅੰਦਾਜ਼ੀ ਅਤੇ ਚਾਂਦ ਮਾਰੀ ਦੇ ਕਰਤਵ ਇਸ ਤਿਉਹਾਰ ਦੇ ਅੰਗ ਹਨ। ਗੁਰੂ ਦੀਆਂ ਲਾਡਲੀਆਂ ਫ਼ੌਜਾਂ ਜਲੂਸ ਦੀ ਸ਼ਕਲ ਵਿੱਚ ਇੱਕ ਥਾਂ ਤੋਂ ਦੂਜੇ ਸਥਾਨ 'ਤੇ ਜਾਂਦੀਆਂ ਸਨ ਅਤੇ ਗੁਰੂ ਸਾਹਿਬ ਵੱਲੋਂ ਉਨ੍ਹਾਂ ਉੱਤੇ ਅਤਰ ਫੁਲੇਲ ਛਿੜਕਾਇਆ ਜਾਂਦਾ ਸੀ। ਹੋਲੇ-ਮਹੱਲੇ 'ਤੇ ਤਖ਼ਤ ਕੇਸਗੜ੍ਹ ਸਾਹਿਬ ਵਿਖੇ ਨਿਹੰਗ-ਸਿੰਘ ਸਿੱਖ ਸੰਗਤਾਂ ਦੀ ਖਿੱਚ ਦਾ ਕੇਂਦਰ ਹੁੰਦੇ ਹਨ। ਹੋਲੇ-ਮਹੱਲੇ ਦੀ ਮਹਾਨਤਾ ਦਾ ਅੰਦਾਜ਼ਾ ਇਸ ਤੱਥ ਤੋਂ ਵੀ ਲਗਦਾ ਹੈ ਕਿ ਜਦੋਂ 1889 ਈਸਵੀ ਵਿੱਚ ਖ਼ਾਲਸਾ ਦੀਵਾਨ ਲਾਹੌਰ ਨੇ ਪੰਜ ਸਿੱਖ ਜਨਤਕ ਛੁੱਟੀਆਂ ਦੀ ਮੰਗ ਕੀਤੀ ਸੀ, ਤਾਂ ਸਰਕਾਰ ਨੇ ਦੋ ਛੁਟੀਆਂ ਨੂੰ ਹੀ ਮਾਨਤਾ ਦਿੱਤੀ, ਇੱਕ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਉਤਸਵ ਤੇ ਦੂਜੀ ਹੋਲਾ-ਮਹੱਲਾ ਦੀ।

ਹੋਲੇ-ਮਹੱਲੇ ਦਾ ਉਤਸਵ ਨਿਹੰਗ ਸਿੰਘਾਂ ਨਾਲ ਹੀ ਜ਼ੋਬਨ ਦਿਖਾਉਂਦਾ ਹੈ। ਨਿਹੰਗ ਸਿੰਘ ਸਿੱਖ ਸੱਭਿਆਚਾਰ ਦਾ ਅਨਿਖੜਵਾਂ ਅੰਗ ਹਨ। 'ਆਏ ਨੀ ਨਿਹੰਗ ਬੂਹਾ ਖੋਲ੍ਹ ਦੇ ਨਿਸੰਗ'



ਦੇ ਟੱਪੇ ਤੋਂ ਨਿਹੰਗ ਸਿੰਘਾਂ ਦੇ ਸ਼ੁੱਧ ਚਰਿਤਰ ਦੇ ਭਾਵਾਂ ਦਾ ਪ੍ਰਗਟਾਵਾ ਹੁੰਦਾ ਹੈ ਅਤੇ ਇਹ ਜਾਇਦਾਦ ਦੇ ਕਬਜ਼ੇ ਦੇ ਅਸੂਲਾਂ ਦੇ ਪਾਬੰਦ ਨਹੀਂ ਸਨ। ਇਨ੍ਹਾਂ ਅਨੁਸਾਰ ਸਭ ਕੁਝ ਵਾਹਿਗੁਰੂ ਦਾ ਹੈ ਅਤੇ ਮਲਕੀਅਤ ਦੇ ਦਾਅਵੇ ਨੂੰ ਮਨੁੱਖ ਦੀ ਭੁੱਲ ਮੰਨਦੇ ਸਨ। ਇਨ੍ਹਾਂ ਦੀ ਧਾਰਨਾ ਸੀ ਕਿ ਜਿਵੇਂ ਹਵਾ ਤੇ ਪਾਣੀ ਸਭ ਦਾ ਸਾਂਝਾ ਹੈ, ਉਸੇ ਤਰ੍ਹਾਂ ਜ਼ਮੀਨ ਅਤੇ ਇਸ ਦੀ ਉਤਪਤੀ ਸਭ ਦੀ ਸਾਂਝੀ ਹੈ। ਇਸ ਧਾਰਨਾ ਉਹ ਨੂੰ ਆਪਾ ਲੁਟਾਉਣ ਦੇ ਅਮਲ ਰਾਹੀਂ ਬੋਧ ਕਰਵਾਉਂਦੇ ਸਨ। ਹੋਲੇ-ਮਹੱਲੇ ਦੇ ਮੌਕੇ 'ਤੇ ਉਕਤ ਜੀਵਨ ਜਾਚ ਦੇ ਧਾਰਨੀ ਨਿਹੰਗ ਸਿੰਘਾਂ ਦੀ ਸ਼ਮੂਲੀਅਤ ਇਸ ਵਿਰਾਸਤੀ ਉਤਸਵ ਨੂੰ ਸ਼ੁੱਧ ਅਤੇ ਅਮੀਰ ਰੂਪ ਵਿੱਚ ਕਾਇਮ ਰੱਖ ਰਹੀ ਹੈ। ਸੰਪੂਰਨ ਖ਼ਾਲਸਾਈ ਬਾਣੇ ਵਿੱਚ ਸਜੇ ਨਿਹੰਗ ਸਿੰਘ ਜੰਗੀ ਜੌਹਰ ਦਿਖਾਉਂਦੇ ਸਮੁੱਚੀ ਸੰਗਤ ਲਈ ਰੋਲ ਮਾਡਲ ਬਣਦੇ ਹਨ ਅਤੇ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਆਰੰਭੀ ਗਈ ਇਸ ਜੰਗਜੂ ਰੀਤੀ ਨੂੰ ਬਾਦਸਤੂਰ ਜਾਰੀ ਰੱਖ ਰਹੇ ਹਨ।



# ਕਲਾਸੀਫਾਈਡ ਅਤੇ ਮੈਟਰੀਮੋਨੀਅਲ

**ਸਿਰਫ $10 ਖਰਚਾ ਸੰਪਰਕ : ਹਰਦਮ ਸਿੰਘ ਮਾਨ : 604-308-6663**

## MATRIMONIALS

### ਲੜਕੀ ਦੀ ਲੋੜ

ਕੈਨੇਡਾ ਵਿੱਚ ਪੀ.ਆਰ. ਜੱਟ ਸਿੱਖ ਲੜਕਾ, ਉਮਰ 35 ਸਾਲ , ਕੱਦ 5'9'', ਕਲੀਨ ਸ਼ੇਵ, ਲੜਕੇ ਦਾ ਅਪਣਾ ਕਿਚਨ ਕੈਬੀਨਿਟ ਦਾ ਬਿਜਨਸ ਵਾਸਤੇ ਕੈਨੇਡਾ ਪੀਆਰ, ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਸੰਪਰਕ- 604-710-7593

***************

ਕੈਨੇਡਾ 'ਚ ਰਹਿ ਰਿਹਾ ਪੀ ਆਰ ਜੱਟ ਸਿੱਖ ਸਿੱਧੂ ਲੜਕਾ ਉਮਰ 32 ਸਾਲ, ਕੱਦ 6 ਫੁੱਟ 1 ਇੰਚ ਵਾਸਤੇ ਕੈਨੇਡਾ ਦੀ ਇਮੀਗਰਾਂਟ/ਸਿਟੀਜ਼ਨ ਲੜਕੀ ਦੀ ਲੋੜ ਹੈ। ਵਿਜ਼ਟਰ ਜਾਂ ਪੜ੍ਹਾਈ ਲਈ ਆਈ ਲੜਕੀ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਹੋਰ ਜਾਣਕਾਰੀ ਲਈ ਸੰਪਰਕ ਨੰਬਰ 604-832-2564

***************

ਜੱਟ ਸਿੱਖ ਉਮਰ 24 ਸਾਲ, ਕੱਦ 5 ਫੁੱਟ 6 ਇੰਚ ਜਿਸਨੇ ਇੰਡੀਆ 'ਚ ਪਿਛਲੇ ਸਾਲ Bachelor of Multimedia ਦੀ ਡਿਗਰੀ ਕੀਤਾ ਹੈ। ਮਾ-ਪਿਓ ਡੇਲਟਾ ਬ੍ਰਿਟਿਸ਼ ਕੋਲੰਬੀਆ, ਕੈਨੇਡਾ 'ਚ ਪੀ.ਆਰ. ਹਨ। ਇੰਡੀਆ ਅਤੇ ਕੈਨੇਡਾ 'ਚ ਕੋਈ ਪ੍ਰਾਪਰਟੀ ਨਹੀਂ। ਲੜਕਾ ਚੰਗੇ ਸੁਭਾਅ ਦੇ ਨਾਲ ਨਾਲ Non-Drinker ਵੀ ਹੈ। ਹੋਰ ਜਾਣਕਾਰੀ ਲਈ ਸੰਪਰਕ ਨੰਬਰ 604-347-5271

***************

ਜੱਟ ਸਿੱਖ ਚਾਹਲ ਉਮਰ 23 ਸਾਲ, ਕੱਦ 6'1", 12ਵੀਂ ਪਾਸ, ਹੈਵੀ ਡਰਾਈਵਿੰਗ ਲਾਇਸੰਸ ਹੋਲਡਰ, ਇੰਡੀਆ ਵਿਚ ਆਪਣਾ ਬਿਜਨਸ ਕਰਦੇ ਲੜਕੇ ਲਈ ਕੈਨੇਡੀਅਨ ਪੀ.ਆਰ. ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਵੱਡੀ ਭੈਣ ਹੈ ਜੋ ਕੈਨੇਡਾ ਵਿਚ ਸੈਟਲ ਹੈ। ਚਾਹਵਾਨ ਸੰਪਰਕ ਕਰਨ- 604-842-4990, +91-98550-00731 (ਸਿਰਫ ਵਟਸਐਪ)

***************

ਜੱਟ ਸਿੱਖ ਉਮਰ 29 ਸਾਲ, ਕੱਦ 5 ਫੁੱਟ 11 ਇੰਚ, ਗਰੈਜੂਏਟ, ਫੈਮਿਲੀ ਬਿਜਨਸ ਵਿੱਚ ਮੈਨੇਜਰ, ਇੰਡੀਆ' ਚ ਰਹਿੰਦੇ ਲੜਕੇ ਲਈ ਕੈਨੇਡਾ 'ਚ ਸਟਡੀ ਵੀਜਾ ਜਾਂ ਪੀ.ਆਰ. ਲੜਕੀ ਦੀ ਲੋੜ ਹੈ। ਜੇਕਰ ਲੋੜ ਪਵੇ ਤਾਂ ਪੜ੍ਹਾਈ ਦੇ ਖਰਚੇ ਦੀ ਮਦਦ ਵੀ ਕਰ ਸਕਦੇ ਹਾਂ। ਲੜਕੇ ਦੀਆਂ ਦੋ ਭੈਣਾ ਵਿੱਚੋ ਇਕ ਕੈਨੇਡਾ 'ਚ ਪੀ.ਆਰ. ਹੈ। ਚਾਹਵਾਨ ਸਪੰਰਕ ਕਰੋ-ਫੋਨ ਨੰਬਰ 77837 89444

***************

ਜੱਟ ਸਿੱਖ ਬਰਾੜ ਲੜਕਾ ਕਨੇਡੀਅਨ ਸਿਟੀਜ਼ਨ, ਉਮਰ 28, ਕੱਦ 6' ਲਈ ਕੈਨੇਡੀਅਨ ਸਿਟੀਜ਼ਨ / ਵਿਜ਼ੀਟਰ / ਸਟੱਡੀ ਵੀਜ਼ਾ ਲੜਕੀ ਦੀ ਲੋੜ ਹੈ। ਵੈਨਕੋਵਰ ਅਤੇ ਕੈਲਗਰੀ ਨੂੰ ਪਹਿਲ। ਹੋਰ ਜਾਣਕਾਰੀ ਲਈ ਸੰਪਰਕ ਕਰੋ: 604-818-5780

***************

ਜੱਟ ਪਰਿਵਾਰ ਦਾ ਲੜਕਾ ਉਮਰ 30 ਸਾਲ, ਕੱਦ 5'-8" ਨਸ਼ਾ ਰਹਿਤ, ਕਲੀਨ ਸ਼ੇਵ ਅਤੇ ਕਨੇਡੀਅਨ ਸਿਟੀਜ਼ਨ ਵਾਸਤੇ ਲੜਕੀ ਦੀ ਲੋੜ ਹੈ। ਪਰਿਵਾਰ ਕੈਨੇਡਾ ਵਿੱਚ ਵਧੀਆ ਸੈਟ ਹੈ। ਵਧੇਰੇ ਜਾਣਕਾਰੀ ਲਈ ਫੋਨ: 604-655-3336 ਜਾਂ ਈਮੇਲ ਕਰੋ- happy9284@yahoo.com

***************

ਭਾਰਤ ਵਿੱਚ ਸੇਲ ਮੈਨੇਜਰ, ਰਾਮਦਾਸੀਆ ਸਿੱਖ ਮੇਹਟਨ ਪਰਿਵਾਰ ਨਾਲ ਸੰਬੰਧਤ, ਉਮਰ 29 ਸਾਲ, ਕੱਦ 5'11", ਪੋਸਟ ਗ੍ਰੈਜੂਏਟ, ਸੁੰਦਰ, ਨਸ਼ਿਆਂ ਤੋਂ ਰਹਿਤ ਲੜਕੇ ਲਈ ਪੜ੍ਹੇ-ਲਿਖੇ ਪਰਿਵਾਰ ਦੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡੀਅਨ ਨਾਗਰਿਕ/ਪੀਆਰ/ਵਰਕ ਪਰਮਿਟ ਹੋਲਡਰ, ਪੜ੍ਹੀ-ਲਿਖੀ ਅਤੇ ਸੁੰਦਰ ਹੋਣੀ ਚਾਹੀਦੀ ਹੈ। ਲੜਕੇ ਦੀ ਭੈਣ ਪਰਿਵਾਰ ਸਮੇਤ ਕੈਨੇਡਾ ਵਿੱਚ ਚੰਗੀ ਤਰ੍ਹਾਂ ਸੈਟਲ ਹੈ। ਸੰਪਰਕ: 604-505-6176 ਜਾਂ ਈਮੇਲ -wirte2rkj@gmial.com

## MATRIMONIALS

### ਲੜਕੇ ਦੀ ਲੋੜ

20 ਸਾਲਾਂ ਤੋਂ ਬੀ ਸੀ ਵਿਚ ਰਹਿ ਰਹੇ ਜੱਟ ਸਿੱਖ ਪਰਿਵਾਰ (ਦੁਆਬਾ ਇਲਾਕਾ) ਨੂੰ ਆਪਣੀ ਕੈਨੇਡੀਅਨ ਸਿਟੀਜ਼ਨ ਬੇਟੀ, ਜਨਮ ਦਸੰਬਰ 1994,ਕੱਦ 5 ਫੁੱਟ 3 ਇੰਚ, ਭਛੀਠ ਤੋਂ 2 ਓਅਸ਼ਿਠ ਧੀਫਲੋਂਅ੍ਹ ਲਦਇਰ, ਜੌਬ ਕਰ ਰਹੀ ਲਈ, ਬੀ ਸੀ ਲੋਅਰ ਮੇਨਲੈਂਡ ਤੋਂ, ਪੀ ਆਰ ਜਾਂ ਸਿਟੀਜ਼ਨ, ਜੱਟ ਸਿੱਖ 26 ਤੋਂ 29 ਸਾਲਾਂ ਦੇ ਪੜ੍ਹੇ ਲਿਖੇ, ਵੈੱਲ ਸੈਟਲਡ ਅੰਮ੍ਰਿਤਧਾਰੀ ਜੀਵਣ ਸਾਥੀ ਦੀ ਲੋੜ ਹੈ। ੍ਰਇਣਟ ਫਹੋਟੋ ਅਨਦ ਬਿਦਓਟਅ ਲਈ ਮਾਪਿਆਂ ਨਾਲ ਸੰਪਰਕ ਕਰੋ- ਵਟਸਐਪ ਅਤੇ ਕਾਲ : 778-801-9037 talwanid@hotmial.ca

***************

ਜੱਟ ਸਿੱਖ ਕਨੇਡੀਅਨ ਸਿਟੀਜ਼ਨ R.N. ਹੌਸਪੀਟਲ ਵਿੱਚ ਜੌਬ ਕਰਦੀ ਲੜਕੀ ਉਮਰ 32 ਸਾਲ, ਕੱਦ 5 ਫੁੱਟ 6 ਇੰਚ, ਇਨੋਸੈਂਟਲੀ ਡਿਵੋਰਸੀ ਲਈ ਲੋਅਰ ਮੇਨਲੈਂਡ ਰਹਿੰਦੇ ਪੀ.ਆਰ. ਵੈਲ ਸੈਟਲ ਲੜਕੇ ਦੀ ਲੋੜ ਹੈ। Contact: 604-897-1298,
Whatsapp Number: 99-156-52029

***************

INA ਪਰਿਵਾਰ ਵਿਚ ਜੰਮਪਲ, ਜੱਟ ਸਿੱਖ, Orphan ਲੜਕੀ, ਉਮਰ 30 ਸਾਲ, ਕੱਦ 5'6", Rural Landlord, ਲਈ ਕੈਨੇਡੀਅਨ ਸਿਟੀਜ਼ਨ/ ਪੀ.ਆਰ. ਹਮ-ਉਮਰ ਜੱਟ ਸਿੱਖ ਵਰ ਦੀ ਲੋੜ ਹੈ। ਵਿਧਰ/ਤਲਾਕਸ਼ੁਦਾ ਵੀ ਵਿਚਾਰ ਅਧੀਨ। ਸੰਪਰਕ: 778-344-3108

***************

ਜੱਟ ਸਿੱਖ ਪਰਿਵਾਰ ਦੀ 30 ਸਾਲਾਂ 5"-5" ਲੜਕੀ ਲਈ ਪੀ.ਆਰ. ਜਾਂ ਵਰਕ ਪਰਮਿਟ 'ਤੇ ਆਏ ਲੜਕੇ ਦੀ ਲੋੜ ਹੈ। ਲੜਕੀ ਹੈਲਥ ਕੇਅਰ ਅਸਿਸਟੈਂਟ ਵਜੋ ਕੰਮ ਕਰਦੀ ਹੈ। ਮਾਲਵਾ ਏਰੀਏ ਨੂੰ ਪਹਿਲ। ਸੰਪਰਕ- 604-781-9397

### ਲੜਕੀ ਦੀ ਲੋੜ

ਜੱਟ ਸਿੱਖ ਕੈਨੇਡੀਅਨ ਜੰਮਪਲ ਲੜਕਾ, ਉਮਰ 30 ਸਾਲ, ਕੱਦ 6'1", ਹੈਲਥ ਕੇਅਰ ਡਿਪਲੋਮਾ ਹੋਲਡਰ, ਆਪਣਾ ਫੈਮਿਲੀ ਬਿਜ਼ਨਸ, ਵੈੱਲ ਸੈਟਲਡ ਪਰਿਵਾਰ ਲਈ ਕੈਨੇਡੀਅਨ ਸਿਟੀਜ਼ਨ/ ਪੀ.ਆਰ. ਪਰਿਵਾਰਕ ਲੜਕੀ ਦੀ ਲੋੜ ਹੈ। ਸੰਪਰਕ- 604-618-1945

***************

ਇੰਡੀਆ ਵਿਚ HDFC ਬੈਂਕ ਵਿਚ ਸੇਲਜ਼ ਅਫਸਰ ਦੀ ਜੌਬ ਕਰ ਰਹੇ, ਇਲੈਕਟ੍ਰੋਨਿਕਸ ਐਂਡ ਕਮਿਊਨੀਕੇਸ਼ਨ ਡਿਗਰੀ ਹੋਲਡਰ, ਰਾਮਗੜ੍ਹੀਆ ਸਿੱਖ, ਨਸ਼ੇ-ਰਹਿਤ, 26 ਸਾਲਾ, ਕੱਦ 6'2" ਲੜਕੇ ਲਈ ਕੈਨੇਡੀਅਨ ਸਿਟੀਜ਼ਨ/ਪੀ.ਆਰ./ਵਰਕ ਪਰਮਿਟ ਹੋਲਡਰ ਲੜਕੀ ਦੀ ਲੋੜ ਹੈ। ਲੜਕੇ ਦੇ ਤਾਏ ਦਾ ਪਰਿਵਾਰ ਸਰੀ ਵਿਚ ਸੈਟਲਡ ਹੈ। ਸੰਪਰਕ ਧੰਜਲ ਫੈਮਿਲੀ : 604-761-8454, 778-837-3502

## BUSINESS FOR SALE

ਮਾਲਕ ਦੇ ਰਿਟਾਇਰ ਹੋਣ ਕਰਕੇ ਚੰਗੀ ਤਰ੍ਹਾਂ ਸਥਾਪਿਤ **Concrete Breaking** ਅਤੇ **Coring** ਦਾ ਬਿਜ਼ਨਸ ਵਿਕਾਊ ਹੈ। ਅਸੀਂ ਤੁਹਾਨੂੰ ਟਰੇਨਿੰਗ ਵੀ ਦੇਵਾਂਗੇ। ਚੰਗੇ ਪੈਸੇ ਬਣਾਉਣ ਵਾਲੇ ਇਸ ਬਿਜ਼ਨਸ ਦੀ ਬਹੁਤ ਹੀ ਮੰਗ ਹੈ।
ਸੰਪਰਕ ਕਰੋ: **604-250-7893**

## EMPLOYMENTS

### ਵਰਕਰਾਂ ਦੀ ਲੋੜ

ਸਰੀ ਵਿੱਚ ਇਕ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਤੱਕ ਦਿਤੀ ਜਾਵੇਗੀ। ਸਰੀ ਅਤੇ ਡੈਲਟਾ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੈ। ਅੱਜ ਹੀ ਸੰਪਰਕ 604-307-7008

### ਇੰਸ਼ੋਰੈਂਸ ਸੇਵਾਵਾਂ

ਕਿਸੇ ਵੀ ਤਰ੍ਹਾਂ ਦੀ ਇੰਸ਼ੋਰੈਂਸ ਦੀਆਂ ਸੇਵਾਵਾਂ ਲਈ ਸੰਪਰਕ ਕਰੋ 604-377-4085

### WORKER REQUIRED

**GALAXY IDP CONSTRUCTION LTD.**

**Full Time Hiring Workers**

Construction painter supervisor (2)
Insulator (2)
Painter (3)
Email: galaxyinsulationdrywall@gmail.com
**Phone: 604-366-6000**
**www.gidl.ca**

### ਵਰਕਰਾਂ ਦੀ ਲੋੜ

ਫਾਸਟ ਡਾਰਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਪ੍ਰਤੀ ਘੰਟਾ। ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਕਰਨ ਵਿਚ ਮਦਦ, ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਅੱਜ ਹੀ ਸੰਪਰਕ ਕਰੋ- ਸਾਹਿਬ ਸਿੰਘ 778-863-9000

### ਬੇਬੀ ਸਿਟਰ ਦੀ ਲੋੜ

ਗਿਲਡਫੋਰਡ ਏਰੀਆ 'ਚ ਜਾਂ ਤੁਹਾਡੀ ਜਗ੍ਹਾ 'ਤੇ ਮਹੀਨੇ ਦੇ ਕੁਝ ਦਿਨਾਂ ਵਾਸਤੇ ਸ਼ਾਮ 5 ਤੋਂ 9 ਵਜੇ ਤੱਕ ਪੰਜਾਬੀ ਬੇਬੀ ਸਿਟਰ ਦੀ ਲੋੜ ਹੈ। ਸਾਡੀ 4 ਸਾਲ ਦੀ ਕੁੜੀ ਅਤੇ 2 ਸਾਲ ਦਾ ਮੁੰਡਾ ਹੈ ਜੋ ਕਿ ਐਕਟਿਵ ਅਤੇ ਮਿਲਾਪੜੇ ਹਨ। ਪੈਸਿਆਂ ਲਈ ਗੱਲਬਾਤ ਕਰ ਸਕਦੇ ਹਾਂ। ਸੰਪਰਕ ਰਾਜਦੀਪ: 604-808-2579

### ਵਰਕਰਾਂ ਦੀ ਲੋੜ

**S K Farming** ਕੰਪਨੀ ਨੂੰ ਵਰਕਰਾਂ ਦੀ ਲੋੜ ਹੈ। ਤਜ਼ਰਬੇ ਦੀ ਕੋਈ ਲੋੜ ਨਹੀਂ। ਕੰਮ ਰਿਚਮੰਡ ਵਿਚ ਹੈ। ਸਰੀ ਤੋਂ ਰਾਈਡ ਦਾ ਪ੍ਰੰਬਧ ਹੈ। ਕੰਮ ਕਰਨ ਲਈ ਅਤੇ ਵਧੇਰੇ ਜਾਣਕਾਰੀ ਲਈ ਫੋਨ ਨੰਬਰ 604-834-7458 ਤੇ ਸੰਪਰਕ ਕਰੋ।

### ਆਫਿਸ ਲਈ ਸਪੇਸ ਕਿਰਾਏ/ਲੀਜ਼ 'ਤੇ

500 ਫੁੱਟ ਤੋਂ 1000 ਸੁਕੁਏਅਰ ਫੁੱਟ, ਸਕੋਟ ਰੋਡ 'ਤੇ ਪਰਾਇਮ ਲੋਕੇਸ਼ਨ. ਹੋਰ ਜਾਣਕਾਰੀ ਲਈ ਕਾਲ- 604-339-2389

# ਔਰਤਾਂ ਨੂੰ ਲੱਕ ਦਰਦ ਦੀ ਸ਼ਿਕਾਇਤ

ਔਰਤਾਂ 'ਚ ਲੱਕ ਦਰਦ ਦੀ ਸ਼ਿਕਾਇਤ ਆਮ ਸੁਣੀ ਜਾਂਦੀ ਹੈ, ਸ਼ਾਇਦ ਹੀ ਕੋਈ ਅਜਿਹਾ ਔਰਤ ਹੋਵੇਗੀ, ਜਿਸ ਨੂੰ ਆਪਣੇ ਜੀਵਨ 'ਚ ਕਦੇ ਨਾ ਕਦੇ ਇਸ ਕਸ਼ਟ ਦਾ ਸਾਹਮਣਾ ਨਾ ਕਰਨਾ



ਪਿਆ ਹੋਵੇ। ਦੇਖਣ 'ਚ ਇਹ ਵੀ ਆਇਆ ਹੈ ਮਰਦਾਂ ਦੀ ਤੁਲਨਾ ਵਿਚ ਔਰਤਾਂ 'ਚ ਇਹ ਸਮੱਸਿਆ ਜ਼ਿਆਦਾ ਹੁੰਦੀ ਹੈ, ਕਿਉਂਕਿ (ਪਹਿਲਾ) ਔਰਤਾਂ ਦੀਆਂ ਮਾਸਪੇਸੀਆਂ ਜ਼ਿਆਦਾ ਮਜ਼ਬੂਤ ਨਹੀਂ ਹੁੰਦੀਆਂ (ਦੂਸਰਾ) ਗਰਭ ਦਾ ਬਣਝ ਦੌਰਾਨ ਔਰਤਾਂ ਦੀਆਂ ਮਾਸਪੇਸ਼ੀਆਂ 'ਤੇ ਖਿਚਾਅ ਪੈਂਦਾ ਹੈ ਅਤੇ (ਤੀਸਰਾ) ਕੁਝ ਔਰਤਾਂ ਦਾ ਕੰਮ ਇਸ ਤਰ੍ਹਾਂ ਦਾ ਹੁੰਦਾ ਹੈ ਕਿ ਉਨ੍ਹਾਂ ਦੀਆਂ ਮਾਸਪੇਸ਼ੀਆਂ ਜ਼ਿਆਦਾ ਕਮਜ਼ੋਰ ਹੋ ਜਾਂਦੀਆਂ ਹਨ।

## ਕਈ ਕਾਰਨਾਂ ਨਾਲ ਹੁੰਦਾ ਹੈ ਦਰਦ

ਵੱਖ-ਵੱਖ ਮਰੀਜਾਂ 'ਚ ਲੱਕ ਦਰਦ ਦੇ ਵੱਖ-ਵੱਖ ਕਾਰਨ ਦੇਖਣ 'ਚ ਆਉਂਦੇ ਹਨ। ਕਈ ਵਾਰ ਇਕ ਮਰੀਜ਼ 'ਚ ਇਕ ਤੋਂ ਜ਼ਿਆਦਾ ਕਾਰਨ ਵੀ ਲੱਕ ਦਰਦ ਪੈਦਾ ਕਰ ਸਕਦੇ ਹਨ। ਕਿਸੇ ਔਰਤ 'ਚ ਲੱਕ ਦਰਦ ਪੈਦਾ ਕਰਨ ਵਾਲੀਆਂ ਅਵਸਥਾਵਾਂ ਤਾਂ ਲੇਡੀ ਡਾਕਟਰ ਨਾਲ ਸਬੰਧ ਰੱਖਦੀਆਂ ਹਨ, ਕਦੇ ਹੱਡੀਆਂ ਦੇ ਮਾਹਿਰ ਨਾਲ। ਪਰ ਇੱਥੇ ਇਹ ਜਾਣਨਾ ਜ਼ਰੂਰੀ ਹੁੰਦਾ ਹੈ ਕਿ ਇਸ ਤਕਲੀਫ ਲਈ ਕਿਹੜੇ ਮਾਹਿਰ ਦੀਆਂ ਸੇਵਾਵਾਂ ਹਾਸਲ ਕੀਤੀਆਂ ਜਾਣ। ਇਸ ਨਾਲ ਇਲਾਜ ਵਿਚ ਆਸਾਨੀ ਹੋ ਸਕਦੀ ਹੈ। ਔਰਤਾਂ 'ਚ ਲੱਕ ਦਰਦ ਪੈਦਾ ਕਰਨ ਵਾਲੇ ਕਈ ਕਾਰਨ ਅਜਿਹੇ ਹਨ ਜੋ ਬੱਚੇਦਾਨੀ ਜਾਂ ਇਸ ਦੇ ਨੇੜੇ ਦੇ ਹਿੱਸੇ ਨਾਲ ਸਬੰਧ ਰੱਖਦੇ ਹਨ। ਮਿਸਾਲ ਦੇ ਤੌਰ 'ਤੇ ਭਾਰ ਪੈਣ ਦੀ ਸ਼ਿਕਾਇਤ ਜਾਂ ਬੱਚੇਦਾਨੀ ਦੇ ਪਿੱਛੇ ਡਿੱਗਣ ਨਾਲ ਲੱਕ ਦਰਦ ਦੀ ਸ਼ਿਕਾਇਤ ਆਮ ਹੋ ਜਾਂਦੀ ਹੈ। ਇੱਥੇ ਇਹ ਗੱਲ ਯਾਦ ਰੱਖਣ ਵਾਲੀ ਹੈ ਕਿ ਭਾਰ ਪੈਣ ਦੀ ਵਜ੍ਹਾ ਨਾਲ ਪੈਦਾ ਹੋਇਆ ਲੱਕ ਦਰਦ ਮਰੀਜ਼ ਦੇ ਲੇਟਣ ਨਾਲ ਝਟਪਟ ਠੀਕ ਹੋ ਜਾਂਦਾ ਹੈ। ਇਸੇ ਤਰ੍ਹਾਂ ਬੱਚੇਦਾਨੀ ਦੇ ਮੂੰਹ 'ਤੇ ਹੋਣ ਵਾਲੀ ਸੋਜਿਸ਼ ਕਈ ਵਾਰ ਲੱਕ ਦਰਦ ਦਾ ਕਾਰਨ ਬਣ ਜਾਂਦੀ ਹੈ। ਪੇਟ 'ਚ ਕਿਸੇ ਵੀ ਵੱਡੀ ਰਸੌਲੀ ਕਾਰਨ ਮਾਸਪੇਸ਼ੀਆਂ ਖਿੱਚੀਆਂ ਜਾਂਦੀਆਂ ਹਨ ਅਤੇ ਇਸ ਤਰ੍ਹਾਂ ਲੱਕ ਦਰਦ ਦਾ ਕਾਰਣ ਬਣਦਾ ਹੈ। ਕਈ ਪ੍ਰਕਾਰ ਦੀਆਂ ਬੀਮਾਰੀਆਂ, ਜੋ ਮਾਸਪੇਸ਼ੀਆਂ ਨੂੰ ਪ੍ਰਭਾਵਿਤ ਕਰਦੀਆਂ ਹਨ, ਲੱਕ ਦਰਦ ਦਾ ਕਾਰਨ ਬਣ ਜਾਂਦੀਆਂ ਹਨ। ਇਸ ਵਿਚ ਪ੍ਰਮੁੱਖ ਹੈ ਗੀਹ ਦਰਦ, ਮਾਸਪੇਸ਼ੀਆਂ ਦੀ ਸੋਜਿਸ਼, ਡਿਸਕ ਦੇ ਰੀੜ ਦੀ ਹੱਡੀ ਦੇ ਵਿਚਾਲੇ ਦੇ ਮਣਕਿਆਂ ਦੇ ਖਿਸਕ ਜਾਣ ਦੇ ਕਰਨ ਪੈਦਾ ਹੋਈ ਦਰਦ। ਕਈ ਪ੍ਰਕਾਰ ਦੀਆਂ ਸੱਟਾਂ ਜਾਂ ਖਿਚਾਅ ਵੀ ਅਜਿਹੇ ਦਰਦ ਦਾ ਕਾਰਨ ਬਣ ਸਕਦੇ ਹਨ, ਜਿਵੇਂ ਕਿ ਮੋਟਾਪਾ, ਉੱਠਣ ਬੈਠਣ ਦਾ ਗਲਤ ਤਰੀਕਾ, ਵਧਿਆ ਹੋਇਆ ਪੇਟ, ਹਾਈ ਹੀਲਸ ਵਾਲੀਆਂ ਜੁੱਤੀਆਂ। ਆਮਤੌਰ 'ਤੇ ਇਨਵਾਂ ਗੱਲਾਂ ਵੱਲ ਔਰਤਾਂ ਦਾ ਧਿਆਨ ਘੱਟ ਹੀ ਜਾਂਦਾ ਹੈ।

## ਇਲਾਜ

ਮਰੀਜ਼ ਡਾਕਟਰ ਕੋਲ ਪੁੱਜਦਾ ਹੈ ਤਾਂ ਇਸ ਤਕਲੀਫ ਦਾ ਮੂਲ ਕਾਰਨ ਲੱਭਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਅਜਿਹਾ ਕਰਨ ਲਈ ਮਰੀਜ਼ ਕੋਲੋਂ ਪੂਰੀ ਜਾਣਕਾਰੀ ਲਈ ਜਾਂਦੀ ਹੈ ਅਤੇ ਨਾਲ ਹੀ ਜ਼ਰੂਰੀ ਸਰੀਰਕ ਜਾਂਚ ਵੀ ਕੀਤੀ ਜਾਂਦੀ ਹੈ। ਪ੍ਰਭਾਵਿਤ ਹਿੱਸੇ ਦੇ ਐਕਸ-ਰੇ ਵੀ ਲੋੜ ਅਨੁਸਾਰ ਕਰਵਾਏ ਜਾਂਦੇ ਹਨ। ਕਈ ਵਾਰ ਅਜਿਹੇ ਮਰੀਜ਼ਾਂ ਦੇ ਕੁੱਝ ਹੋਰ ਟੈਸਟ ਵੀ ਕਰਵਾਏ ਜਾਂਦੇ ਹਨ। ਮੂਲ ਕਾਰਨ ਪਤਾ ਲੱਗਣ 'ਤੇ ਉਸ ਦਾ ਇਲਾਜ ਕੀਤਾ ਜਾ ਸਕਦਾ ਹੈ। ਜਿਨ੍ਹਾਂ ਮਰੀਜ਼ਾਂ 'ਚ ਕੋਈ ਅਜਿਹਾ ਠੋਸ ਕਾਰਨ ਲੱਕ ਦਰਦ ਲਈ ਸਪੱਸ਼ਟ ਨਹੀਂ ਹੁੰਦਾ, ਉਨ੍ਹਾਂ ਮਰੀਜ਼ਾਂ ਨੂੰ ਕੁੱਝ ਪੇਨਕਿੱਲਰ ਦਵਾਈਆਂ ਦੀ ਵਰਤੋਂ ਦੀ ਸਲਾਹ ਦਿੱਤੀ ਜਾਂਦੀ ਹੈ ਅਤੇ ਇਹ ਸਲਾਹ ਵੀ ਦਿੱਤੀ ਜਾਂਦੀ ਹੈ ਕਿ ਉਹ ਫਲੈਟ 'ਤੇ ਸਖ਼ਤ ਸਤ੍ਹਾ ਵਾਲੀ ਕਿਸੇ ਚੀਜ਼ 'ਤੇ ਸੌਣ ਦੀ ਆਦਤ ਪਾਉਣ ਅਤੇ ਜ਼ਰੂਰਤ ਅਨੁਸਾਰ ਦੱਸੀ ਗਈ ਕਸਰਤ ਕਰਨ ਅਤੇਆਪਣੇ ਉੱਠਣ-ਬੈਠਣ ਦੇ ਤਰੀਕੇ 'ਚ ਜ਼ਰੂਰੀ ਸੁਧਾਰ ਕਰਨ।

NORTHCOAST LUMBER 1

CALL THE TRUE CONTRACTORS YARD TODAY

604-597-8884

*5 Acres of Lumber
*Landscape Materials
*Treated Lumber
*Plywood/OSB
*Versalam/BCI Joist
*Full Hardware Store
*12 Lumber Trucks




14682 - 66th Ave, Surrey, BC, V3S 1Z9
Fax: 604-597-0854
www.lumber1.ca/contractor

METRO CONTRACTING LTD.

Excavation
Demolition
Sand & Gravel
Drain tikes
Back Fill
Trucking
Backhoe Service
Land Clearing
Hourly or Contract




Residential & Commercial

Gurvinder Sanghera: 604-729-1435
Email: gsanghera77@gmail.com




# ਸਮੇਂ-ਸਮੇਂ 'ਤੇ ਅੱਖਾਂ ਦੀ ਜਾਂਚ ਜ਼ਰੂਰੀ



ਅੱਖਾਂ ਸਰੀਰ ਦਾ ਅਜਿਹਾ ਅੰਗ ਹਨ, ਜੋ ਇਕ ਵਾਰ ਖਰਾਬ ਹੋ ਜਾਣ ਤਾਂ ਇਨ੍ਹਾਂ ਨੂੰ ਦੁਬਾਰਾ ਠੀਕ ਕਰਨਾ ਬਹੁਤ ਔਖਾ ਹੁੰਦਾ ਹੈ। ਫਿਰ ਇਕ ਹੀ ਜ਼ਰੀਆ ਹੁੰਦਾ ਹੈ ਉਹ ਹੈ 'ਆਈ ਟਰਾਂਸਪਲਾਂਟ', ਜਿਸ ਲਈ ਡੋਨਰ ਦਾ ਮਿਲਣਾ ਤੇ ਖਰਚਾ ਚੁੱਕਣਾ ਸੌਖੀ ਗੱਲ ਨਹੀਂ ਹੈ। ਜਾਣਦੇ ਹਾਂ ਕੁੱਝ ਅਜਿਹੇ ਲੱਛਣਾਂ ਬਾਰੇ, ਜੋ ਅਜਿਹੇ ਲੱਛਣ ਦਿਸਣ ਤੇਂ ਤੁਰੰਤ ਅੱਖਾਂ ਦੀ ਜਾਂਚ ਕਰਵਾ ਲੈਣੀ ਚਾਹੀਦੀ ਹੈ।

## ਧੁੰਦਲਾ ਦਿਸਣਾ

ਵੈਸੇ ਤਾਂ ਅੱਖਾਂ ਦਾ ਧੁੰਦਲਾਪਣ ਬਿਲਕੁਲ ਸਪੱਸ਼ਟ ਸੰਕਤੇ ਹੈ ਕਿ ਤੁਹਾਨੂੰ ਆਪਣੀਆਂ ਅੱਖਾਂ ਦੀ ਜਾਂਚ ਕਰਵਾਉਣੀ ਚਾਹੀਦੀ ਹੈ। ਕੁੱਝ ਲੋਕ ਧੁੰਦਲੇਪਣ ਨੂੰ ਸਰੀਰ ਦੀ ਕਮਜ਼ੋਰੀ ਨਾਲ ਜੋੜ ਕੇ ਦੇਖਦੇ ਹਨ। ਇਸ ਲਈ ਉਹ ਇੰਤਜ਼ਾਰ ਕਰਦੇ ਰਹਿੰਦੇ ਹਨ ਤੇ ਘਰੇਲੂ ਉਪਾਅ ਕਰਦੇ ਰਹਿੰਦੇ ਹਨ। ਇਹ ਗੱਲ ਵੀ ਸਹੀ ਹੈ ਕਿ ਸਰੀਰਕ ਕਮਜ਼ੋਰੀ ਤੇ ਐਨਰਜੀ ਦੀ ਗਾਟ ਅੱਖਾਂ ਦੇ ਧੁੰਦਲੇਪਣ ਦਾ ਕਾਰਨ ਬਣ ਸਕਦੀ ਹੈ ਪਰ ਇਹ ਸਮੱਸਿਆ ਕਿਸੇ ਵੀ ਬਿਮਾਰੀ ਦਾ ਸੰਕੇਤ ਹੋ ਸਕਦੀ ਹੈ, ਜੋ ਸਮੇਂ ਨਾਲ ਅੱਖਾਂ ਦਾ ਰੈਟੀਨਾ ਨੂੰ ਖ਼ਤਮ ਕਰ ਸਕਦੀ ਹੈ। ਇਸ ਲਈ ਤੁਹਾਨੂੰ ਕਈ ਦਿਨਾਂ ਜਾਂ ਹਫ਼ਤੇ ਤੱਕ ਲਗਾਤਾਰ ਧੁੰਦਲਾ ਦਿਖਾਈ ਦੇਣ ਦੀ ਸਮੱਸਿਆ ਹੁੰਦੀ ਹੈ ਤਾਂ ਤੁਹਾਨੂੰ ਆਪਣੀਆਂ ਅੱਖਾਂ ਦੀ ਜਾਂਚ ਕਰਵਾ ਲੈਣੀ ਚਾਹੀਦੀ ਹੈ।

## ਲਗਾਤਾਰ ਸਿਰ ਦਰਦ

ਸਿਰ ਦਰਦ ਭਾਵੇਂ ਤੁਹਾਨੂੰ ਸਿਰ ਤੇ ਮੱਥੇ ਦੇ ਹਿੱਸੇ 'ਚ ਮਹਿਸੂਸ ਹੁੰਦਾ ਹੈ ਪਰ ਇਸ ਦਾ ਕਾਰਨ ਅੱਖਾਂ ਦੀ ਸਮੱਸਿਆ ਵੀ ਹੋ ਸਕਦਾ ਹੈ। ਜਦੋਂ ਤੁਹਾਡੀਆਂ ਅੱਖਾਂ 'ਚ ਕਿਸੇ ਤਰ੍ਹਾਂ ਦੀ ਪ੍ਰੇਸ਼ਾਨੀ ਹੁੰਦੀ ਹੈ ਤਾਂ ਚੀਜ਼ਾਂ 'ਤੇ ਫੋਕਸ ਕੇਂਦਰਿਤ ਕਰਨ ਵਾਲੀਆਂ ਮਸਲੇਜ਼ (ਕੋਸ਼ਿਕਾਵਾਂ) 'ਤੇ ਵਾਧੂ ਦਬਾਅ ਵੱਧ ਜਾਂਦਾ ਹੈ, ਜਿਸ ਕਾਰਨ ਦਰਦ ਦੀ ਸਮੱਸਿਆ ਹੋ ਸਕਦੀ ਹੈ। ਇਹ ਕੋਸ਼ਿਕਾਵਾਂ ਸਿੱਧੀਆਂ ਤੁਹਾਡੇ ਦਿਮਾਗ ਨਾਲ ਜੁੜੀਆਂ ਹੁੰਦੀਆਂ ਹਨ, ਇਸ ਲਈ ਸਿਰ 'ਚ ਤੁਹਾਨੂੰ ਦਰਦ ਮਹਿਸੂਸ ਹੁੰਦਾ ਹੈ। ਅਕਸਰ ਅਜਿਹੇ ਲੋਕਾਂ ਨੂੰ ਸਿਰਦਰਦ ਦੀ ਸਮੱਸਿਆ ਉਦੋਂ ਹੁੰਦੀ ਹੈ ਜਦੋਂ ਉਹ ਬਹੁਤ ਜ਼ਿਆਦਾ ਧਿਆਨ ਲਗਾ ਕੇ ਕੰਮ ਕਰਨ ਦੀ ਕੋਸ਼ਿਸ਼ ਕਰਦੇ ਹਨ। ਇਸ ਲਈ ਲਗਾਤਾਰ ਸਿਰਦਰਦ ਦੀ ਸਮੱਸਿਆ ਹੋਣ 'ਤੇ ਅੱਖਾਂ ਦੀ ਜਾਂਚ ਕਰਵਾਉਣੀ ਚਾਹੀਦੀ ਹੈ।

## ਰਾਤ ਨੂੰ ਸਾਫ਼ ਦਿਖਾਈ ਨਾ ਦੇਣਾ

ਆਮ ਤੌਰ 'ਤੇ ਜ਼ਿਆਦਾ ਹਨੇਰਾ ਹੋਣ 'ਤੇ ਅੱਖਾਂ ਲਈ ਵੀ ਦੇਖਣਾ ਔਖਾ ਹੁੰਦਾ ਹੈ ਪਰ ਜੇ ਸ਼ਾਮ ਸਮੇਂ



ਯਾਨੀ ਹਲਕੀ ਰੌਸ਼ਨੀ ਹੋਣ ਦੇ ਬਾਵਜੂਦ ਚੀਜ਼ਾਂ ਸਾਫ਼ ਦਿਖਾਈ ਨਾ ਦੇਣ ਤਾਂ ਵੀ ਇਹ ਅੱਖਾਂ ਨਾਲ ਜੁੜੇ ਰੋਗ ਦਾ ਸੰਕੇਤ ਹੈ। ਇਸ ਰੋਗ ਨੂੰ ਰਤੌਂਧੀ ਜਾਂ ਅੰਧਰਾਤਾ ਵੀ ਕਹਿੰਦੇ ਹਨ। ਅੱਖਾਂ 'ਚ ਅਜਿਹੀ ਸਮੱਸਿਆ ਕਈ ਕਾਰਨਾਂ ਨਾਲ ਹੋ ਸਕਦੀ ਹੈ, ਜਿਵੇਂ ਸਰੀਰ 'ਚ ਵਿਟਾਮਿਨ-ਏ ਦੀ ਕਮੀ ਤੇ ਮੋਤੀਆ ਬਿੰਦ ਆਦਿ। ਇਸ ਲਈ ਅਜਿਹੇ ਲੱਛਣ ਦਿਸਣ 'ਤੇ ਤੁਰੰਤ ਅੱਖਾਂ ਦੇ ਡਾਕਟਰ ਨੂੰ ਮਿਲੋ।

## ਅੱਖਾਂ 'ਤੇ ਦਬਾਅ ਮਹਿਸੂਸ ਹੋਣਾ

ਜੇ ਤੁਹਾਨੂੰ ਕੁੱਝ ਦਿਨਾਂ ਤੋਂ ਅਜਿਹਾ ਮਹਿਸੂਸ ਹੋਣ



ਲੱਗੇ ਕਿ ਕੋਈ ਅਪਾਰਦਰਸ਼ੀ ਹੱਥ ਤੁਹਾਡੀਆਂ ਅੱਖਾਂ ਨੂੰ ਦਬਾ ਰਿਹਾ ਹੈ ਤਾਂ ਇਹ ਅੱਖਾਂ ਦੀ ਬਿਮਾਰੀ 'ਗਲੂਕੋਮਾ' ਦਾ ਸੰਕੇਤ ਹੋ ਸਕਦਾ ਹੈ। ਗਲੂਕੋਮਾ ਦੀ ਸ਼ੁਰੂਆਤ ਹੋਣ 'ਤੇ ਵਿਅਕਤੀ ਨੂੰ ਆਪਣੀਆਂ ਅੱਖਾਂ ਦੀ ਪੁਤਲੀਆਂ 'ਤੇ ਦਬਾਅ ਮਹਿਸੂਸ ਹੁੰਦਾ ਹੈ। ਅਇਜਹਾ ਹੋਣ 'ਤੇ ਘਬਰਾਉਣ ਦੀ ਜ਼ਰੂਰਤ ਨਹੀਂ ਹੈ ਸਗੋਂ ਗਲੂਕੋਮਾ ਦਾ ਇਲਾਜ ਆਸਾਨੀ ਨਾਲ ਮੁਹੱਈਆ ਹੈ। ਜੇ ਤੁਸੀਂ ਇਸ ਨੂੰ ਲੰਬੇ ਸਮੇਂ ਤੋਂ ਨਜ਼ਰ-ਅੰਦਾਜ਼ ਕਰੋਗੇ ਤਾਂ ਗਲੂਕੋਮਾ ਤੁਹਾਡੀਆਂ ਅੱਖਾਂ ਨੂੰ ਕਾਫ਼ੀ ਨੁਕਸਾਨ ਪਹੁੰਚਾ ਸਕਦਾ ਹੈ। ਇਸ ਲਈ ਅਜਿਹੇ ਲੱਛਣ ਮਹਿਸੂਸ ਹੋਣ 'ਤੇ ਬਿਨਾਂ ਦੇਰੀ ਅੱਖਾਂ ਦੇ ਮਾਹਿਰ ਡਾਕਟਰ ਨੂੰ ਮਿਲੋ।








ਸਾਡੇ ਦੇਸ਼ ਵਿਚ ਹੋਲੀ ਦਾ ਤਿਉਹਾਰ ਆਪਣੀ ਖਾਸ ਮਹੱਤਤਾ ਰੱਖਦਾ ਹੈ। ਮੁਸਲਮਾਨ ਜੋ ਆਨੰਦ ਈਦ ਵਿਚ ਅਤੇ ਈਸਾਈ ਕ੍ਰਿਸਮਿਸ ਵਿਚ ਲੈਂਦੇ ਹਨ,ਹਿੰਦੂਆਂ ਨੂੰ ਉਹੀ ਅਨੰਦ ਹੋਲੀ ਦਾ ਤਿਉਹਾਰ ਪ੍ਰਦਾਨ ਕਰਦਾ ਹੈ। ਹੋਲੀ ਦੇ ਆਉਣ ਤੇ ਸਭ ਲੋਕ ਖੁਸ਼ੀਆਂ ਨਾਲ ਨੱਚ ਉਠਦੇ ਹਨ। ਮਨੁੱਖਾਂ ਦੇ ਵਿੱਚ ਪਈਆਂ ਤਰੇੜਾਂ ਮਿਟ



ਜਾਂਦੀਆਂ ਹਨ ਅਤੇ ਸਾਰੇ ਇਕ ਦੂਜੇ ਦੇ ਗਲੇ ਮਿਲ ਕੇ ਪਰਮਪਿਤਾ ਪਰਮਾਤਮਾ ਦੇ ਪੁੱਤਰ ਹੋਣ ਨੂੰ ਸੱਚ ਸਾਬਤ ਕਰ ਦਿੰਦੇ ਹਨ। ਹੋਲੀ ਦਾ ਤਿਉਹਾਰ ਹਰ ਸਾਲ ਫੱਗਨ ਦੀ ਸ਼ੁਕਲ ਪੂਰਨਮਾਸ਼ੀ ਨੂੰ ਮਨਾਇਆ ਜਾਂਦਾ ਹੈ। ਸਾਡੇ ਦੇਸ਼ ਦੇ ਪ੍ਰਮੁੱਖ ਤਿਉਹਾਰ ਦਾ ਸੰਬੰਧ ਅਨੇਕਾਂ ਪੁਰਾਣੀਆਂ ਕਹਾਣੀਆਂ ਨਾਲ ਜੁੜੀਆ ਹੋਇਆ ਹੈ। ਹੋਲੀ ਦਾ ਸੰਬੰਧ ਪ੍ਰਹਿਲਾਦ ਦੀ ਕਥਾ ਦੇ ਨਾਲ ਜੁੜਿਆ ਹੋਇਆ ਹੈ। ਪ੍ਰਹਿਲਾਦ ਦਾ ਪਿਤਾ ਹਰਨਾਖਸ਼ ਇਕ ਰਾਜਾ ਸੀ ਜੋ ਕਿਸੇ ਨੂੰ ਈਸ਼ਵਰ ਦਾ ਭਜਨ ਨਹੀਂ ਕਰਨ ਦਿੰਦਾ ਸੀ। ਪ੍ਰਹਿਲਾਦ ਭਗਵਾਨ ਦਾ ਪਰਮ ਭਗਤ ਸੀ। ਹਰਨਾਖਸ਼ ਨੇ ਪ੍ਰਹਿਲਾਦ ਨੂੰ ਮਾਰਨ ਦੇ ਅਨੇਕਾਂ ਢੰਗ ਅਪਣਾਏ ਪਰ ਭਗਵਾਨ ਦੇ ਭਗਤ ਨੂੰ ਕੌਣ ਮਾਰ ਸਕਦਾ ਹੈ ? ਪਰੰਤੂ ਉਸ ਦੀ ਭੁਆ ਨੇ ਉਸਨੂੰ ਅੱਗ ਵਿੱਚ ਜਲਾਉਣ ਦੀ ਯੋਜਨਾ ਬਣਾਈ। ਹੋਲਿਕਾ ਨੂੰ ਅੱਗ ਵਿਚ ਨਾ ਜਲਣ ਦਾ ਵਰਦਾਨ ਮਿਲਿਆ ਹੋਇਆ ਸੀ। ਪ੍ਰਹਿਲਾਦ ਆਪਣੀ ਭੂਆ ਦੇ ਨਾਲ ਅੱਗ ਵਿਚ ਬੈਠ ਗਿਆ। ਪ੍ਰਹਿਲਾਦ ਤਾਂ ਜੀਉਂਦਾ ਬਚ ਨਿਕਲਿਆ ਪਰ ਹੋਲਿਕਾ ਸੜ । ਕੁੱਝ ਲੋਕ ਇਸ ਤਿਉਹਾਰ ਦਾ ਅਰੰਭ ਪੂਤਨ ਬੱਧ ਤੋਂ ਮੰਨਦੇ ਹਨ। ਭਗਵਾਨ ਕ੍ਰਿਸ਼ਨ ਨੇ ਪੂਤਨਾ ਨੂੰ ਮਾਰਕੇ ਗਵਾਲਿਆਂ ਅਤੇ ਗਵਾਲਣਾਂ ਨਾਲ ਕ੍ਰਿਸ਼ਨ ਲੀਲਾ ਕੀਤੀ ਅਤੇ ਰੰਗਾਂ ਦੇ ਨਾਲ ਖੂਬ ਖੇਡੇ। ਇਸ ਤਿਉਹਾਰ ਦਾ ਆਗਮਨ ਉਸ ਸਮੇਂ ਹੁੰਦਾ ਹੈ ਜਦੋਂ ਸਰਦੀ ਦਾ ਅੰਤ ਅੱਤ ਗਰਮੀ ਦਾ ਆਰਭ ਹੋਣ ਵਾਲਾ ਹੁੰਦਾ ਹੈ। ਲੋਕ ਇਸ ਨੂੰ ਤਿਉਹਾਰ ਦੇ ਰੂਪ ਵਿਚ ਮਨਾਉਂਦੇ ਹਨ। ਕ੍ਰਿਤੀ ਵੀ ਬੜੀ ਖੁਸ਼ੀ ਵਿਚ ਮਸਤ ਹੋ ਜਾਂਦੀ ਹੈ। ਉਹ ਮਿੱਟੀ ਉਡਾ ਕੇ, ਪੁਰਾਣੇ ਪੱਤੇ ਗਿਰਾ ਕੇ ਅਤੇ ਨਵੇਂ ਫੁੱਲ ਅਤੇ ਪੱਤੇ ਲਹਿਰਾ ਕੇ ਆਪਣੀ ਖੁਸ਼ੀ ਦਰਸਾਉਂਦੀ ਹੈ। ਇਸ ਸਮੇਂ ਬਸੰਤ ਆਉਣ ਵਾਲੀ ਹੁੰਦੀ ਹੈ। ਦੇਸ਼ ਦਾ ਅੰਨਦਾਤਾ ਕਿਸਾਨ ਆਪਣੇ ਹਰੇ ਭਰੇ ਖੇਤਾਂ ਨੂੰ ਵੇਖ ਕੇ ਖੁਸ਼ੀ ਨਾਲ ਨੱਚ ਉਠਦਾ ਹੈ। ਹਾੜੀ ਦੀ ਇਸ ਫਸਲ ਦਾ ਸਵਾਗਤ ਹੋਲੀ ਦੇ ਰੂਪ ਵਿਚ ਹੁੰਦਾ ਹੈ। ਲੋਕ ਨਵੇਂ ਅਨਾਜ ਨੂੰ ਹੋਲੀ ਵਿਚ ਜਲਾ ਕੇ ਖਾਂਦੇ ਹਨ। ਪੰਜਾਬ ਵਿਚ ਹੁਣ ਵੀ ਛੋਲੀਏ ਨੂੰ ਅੱਗ ਵਿਚ ਜਲਾ ਕੇ ਖਾਧਾ ਜਾਂਦਾ ਹੈ, ਜਿਸ ਨੂੰ ਪੰਜਾਬੀ ਵਿਚ ਹੋਲਾਂ ਆਖਦੇ ਹਨ। ਇਸ ਖੁਸ਼ੀ ਭਰੇ ਵਾਤਾਵਰਣ ਵਿਚ ਲੋਕ ਇਸ ਦਿਨ ਇਕ-ਦੂਜੇ ਉੱਤੇ ਰੰਗ ਪਾ ਕੇ ਇਹ ਤਿਉਹਾਰ ਮਨਾਉਂਦੇ ਹਨ। ਹੋਲਿਕਾ ਨੂੰ ਜਲਾਇਆ ਜਾਂਦਾ ਹੈ। ਹਰੇਕ ਗਲੀ ਅਤੇ ਬਾਜ਼ਾਰ ਵਿਚ ਲਕੜਾਂ ਦੇ ਢੇਰ ਜਲਾਏ ਜਾਂਦੇ ਹਨ ਅਤੇ ਅੱਗ ਦੀਆਂ ਲਪਟਾਂ ਨੂੰ ਵੇਖਕੇ ਲੋਕ ਭਗਤ ਪ੍ਰਹਿਲਾਦ ਨੂੰ ਯਾਦ ਕਰਕੇ ਈਸ਼ਵਰ ਦਾ ਗੁਣਗਾਣ ਕਰਦੇ ਹਨ। ਹੋਲਿਕਾ ਨੂੰ ਸਾੜਨ ਦੇ ਬਾਅਦ ਲੋਕ ਹਸਦਿਆਂ-ਖੇਡਦਿਆਂ ਇਕ ਦੂਜੇ ਤੋਂ ਗੁਲਾਲ ਪਾਉਂਦੇ ਅਤੇ ਪੁਰਾਣੇ ਵੈਰ-ਵਿਰੋਧ ਭੁਲਾ ਕੇ ਇਕ ਦੂਜੇ ਦੇ ਗਲੇ ਮਿਲਦੇ ਹਨ। ਵੱਡੇ ਵੱਡੇ ਸ਼ਹਿਰਾਂ ਵਿਚ ਹੁਣ ਇਸ ਦਿਨ ਸੰਗੀਤ ਸਮਾਰੋਹ ਵੀ ਹੋਣ ਲੱਗੇ ਹਨ। ਲੋਕ ਅਬੀਰ ਅਤੇ ਗੁਲਾਲ ਦੇ ਨਾਲ-ਨਾਲ ਸੰਗੀਤ ਦਾ ਅਨੰਦ ਲੈਂਦੇ ਹਨ। ਅਨੇਕਾਂ ਸਥਾਨਾਂ ਤੇ ਹਾਸਰਸ ਦੇ ਕਵੀ ਸੰਮੇਲਨਾਂ ਦਾ ਵੀ ਪ੍ਰਗ੍ਰਾਮ ਹੁੰਦਾ ਹੈ। ਦਿੱਲੀ ਵਿਚ ਹੋਲੀ ਦੇ ਮੌਕੇ ਤੇ ਮੂਰਖ-ਸੰਮੇਲਨ ਕੀਤਾ ਜਾਂਦਾ ਹੈ। ਵਿਦਾਵਨ ਵਿਚ ਕ੍ਰਿਸ਼ਨ ਅਤੇ ਰਾਧਾ ਦੇ ਸਵਾਂਗ ਬਣਾ ਕੇ ਫਾਗ (ਹੋਲੀ) ਖੇਡਿਆ ਜਾਂਦਾ ਹੈ ਜੋ ਦੇਖਣ ਯੋਗ ਹੁੰਦਾ ਹੈ। ਸੁਤੰਤਰ ਭਾਰਤ ਵਿਚ ਇਹਨਾਂ ਤਿਉਹਾਰਾਂ ਦੀ ਮਹੱਤਤਾ ਹੋਰ ਵੀ ਵਧ ਗਈ। ਹੈ। ਇਹ ਤਿਉਹਾਰ ਸਾਡੀ ਏਕਤਾ, ਸੰਸਕ੍ਰਿਤੀ ਅਤੇ ਸਭਿਅਤਾ ਦੇ ਮਹਾਨ ਰਾਖੇ ਬਣ ਗਏ ਹਨ ਅਜਕਲ ਹੋਲੀ ਦੇ ਮਨਾਉਣ ਵਿਚ ਕੁਝ ਬੁਰਾਈ ਆ ਗਈ ਹੈ। ਕੁਝ ਲੋਕ ਗੰਦਗੀ ਜਾਂ ਤਾਰਕੋਲ ਪਾ ਕੇ, ਗਾਲਾਂ ਕੱਢ ਕੇ ਜਾਂ ਸ਼ਰਾਬ ਪੀ ਕੇ ਹੋਲੀ ਦੇ ਮਹੱਤਵ ਨੂੰ ਘੱਟ ਕਰਦੇ ਹਨ। ਕੁਝ ਮਹਿਗਾਈ ਕਰਕੇ ਵੀ ਲੋਕ ਕੱਪੜੇ ਖਰਾਬ ਕਰਨਾ ਪਸੰਦ ਨਹੀਂ ਕਰਦੇ, ਇਸ ਕਰਕੇ ਹੋਲੀ ਦਾ ਮਹੱਤਵ ਕੁਝ ਘਟ ਗਿਆ ਹੈ। ਸਾਡਾ ਕਰੱਤਵ ਹੈ ਕਿ ਅਸੀਂ ਆਪਣੇ ਤਿਉਹਾਰਾਂ ਨੂੰ ਬੜੀ ਖੁਸ਼ੀ ਨਾਲ ਮਨਾਈਏ ਅਤੇ ਇਹਨਾਂ ਦੀ ਮਹੱਤਤਾ ਨੂੰ ਵੀ ਬਣਾਈ ਰੱਖਏ।


## ਸਟ੍ਰੋਕ ਦੇ ਸੰਕੇਤਾਂ ਨੂੰ ਜਾਣੋ

**F**ace ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?

**A**rms ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?

**S**peech ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?

**T**ime ਸਮੇਂ: ਸਮੇਂ ਦੀ ਅਹਿਮੀਅਤ ਸਮਝੋ - ਝਟਪਟ 9-1-1 'ਤੇ ਫੋਨ ਕਰੋ।

FAST ਕਿਰਿਆ ਕਰੋ। ਜੀਵਨ ਨੂੰ ਬਚਾਉਣ ਵਾਲਾ ਇਲਾਜ ਤੁਹਾਡੇ ਦੁਆਰਾ 9-1-1 ਤੇ ਕਾਲ ਕਰਨ ਦੇ ਸਕਿੰਟ ਨਾਲ ਸ਼ੁਰੂ ਹੁੰਦਾ ਹੈ।

heartandstroke.ca/punjabi

Heart &Stroke™

BRITISH COLUMBIA
Supported by the Province of British Columbia

© Heart and Stroke Foundation of Canada, 2022 | ™ The heart and / Icon on its own and the heart and / Icon followed by another icon or words are trademarks of the Heart and Stroke Foundation of Canada.



# TSM GALLERY

High quality artwork for your home or business, religious or public places.
We specialize in all kind of wallpaper installation.

Tejpal Singh Mann (Artist)
778-885-2197

9353 120st Delta BC (By Appointment)

www.tsmgallery.ca | www.jollyarts.ca

Mehndi(henna) , Jagua , Airbrush Body Art, Temporary Tattoo.
Learn in your spare time ,
Earn extra income gain friends
Training available .












## Filmy ਸਮਾਚਾਰ

# ‘ਪਠਾਨ’ ਦੀ ਸਫਲਤਾ ਤੋਂ ਬਹੁਤ ਖੁਸ਼ ਹੈ ਜਾਨ ਅਬਾਹਮ



ਮੁੰਬਈ-ਸਿਧਾਰਥ ਆਨੰਦ ਵਲੋਂ ਨਿਰਦੇਸ਼ਿਤ ਯਸ਼ ਰਾਜ ਬੈਨਰ ਦੀ ‘ਪਠਾਨ’ ਆਲ ਟਾਈਮ ਬਲਾਕਬਸਟਰ ਬਣ ਗਈ ਹੈ। ਇਹ ਪਹਿਲਾਂ ਤੋਂ ਹੀ ਹਿੰਦੀ ਸਿਨੇਮਾ ਦੇ ਇਤਿਹਾਸ ਵਿੱਚ ਪਹਿਲਾਂ ਤੋਂ ਸਭ ਤੋਂ ਵੱਧ ਕਮਾਈ ਵਾਲੀ ਹਿੰਦੀ ਫਿਲਮ ਹੈ, ਜਿਸਨੇ ਹੁਣ ਤੱਕ 1003 ਕਰੋੜਾਂ ਦੀ ਕਮਾਈ ਕਰ ਲਈ ਹੈ। ਹਿੰਦੀ ਸੰਸਕਰਣ ਦੇ ਨਾਲ, ਉਸਨੇ ਭਾਰਤ ਦਾ ਮਾਣਮੱਤਾ 500 ਕਰੋੜ (ਨੈੱਟ) ਕਲੱਬ ਵਿੱਚ ਦਾਖਲ ਹੋਣ ਵਾਲੀ ਪਹਿਲੀ ਹਿੰਦੀ ਫਿਲਮ ਬਣ ਕੇ ਹੈਰਾਨੀਜਨਕ ਪ੍ਰਾਪਤੀ ਹਾਸਿਲ ਕੀਤੀ ਹੈ। ਪ੍ਰਸ਼ੰਸਕਾਂ ਨੂੰ ਲੰਬੇ ਸਮੇਂ ਤੋਂ ਜਾਨ ਅਬਰਾਹਮ ਦਾ ਪਠਾਨ ਵਿੱਚ ਨਿਭਾਇਆ ਗਿਆ ਕਿਰਦਾਰ ਵੀ ਯਾਦ ਰੱਖੇਗਾ। ਜਿਸ ਦੀ ਬਹੁਤ ਪ੍ਰਸ਼ੰਸਾ ਕੀਤੀ ਗਈ ਹੈ। ਜਾਨ ਅਬ੍ਰਾਹਮ ਕਹਿੰਦਾ ਹੈ, ‘ਇਹ ਨਾ ਸਿਰਫ ਫਿਲਮ ਅਤੇ ਪਠਾਨ ਦੀ ਪੂਰੀ ਟੀਮ ਲਈ ਇਹ ਸਿਰਫ ਇਤਿਹਾਸਕ ਪਲ ਹੈ, ਬਲਕਿ ਹਿੰਦੀ ਫਿਲਮ ਇੰਡਸਟਰੀ ਲਈ ਵੀ ਹੈ। ਮੈ ਰੋਮਾਂਚਿਤ ਹਾਂ ਕਿ ਅਸੀਂ ਪਠਾਨ ਨਾਲ ਵਿਸ਼ਵ ਪੱਧਰ ਉਤੇ ਸਿਨੇਮਾ ਦੇ ਭਾਰਤੀਆਂ ਦਾ ਮਨੋਰੰਜਨ ਕਤਾ। ਇਹ ਇਕ ਵੱਡੀ ਪ੍ਰਾਪਤੀ ਹੈ ਜਿਸ ਨੇ ਨਵੇਂ ਮਿਆਰ ਨਿਰਧਾਰਤ ਕੀਤੇ ਹਨ। ਟੀਮ ਵਰਕ ਹਮੇਸ਼ਾ ਮਹੱਤਵ ਰੱਖਦਾ ਹੈ। ਮੈਂ ਇਸ ਵਿੱਚ ਸ਼ਾਮਲ ਹਰੇਕ ਲਈ ਬਹੁਤ ਖੁਸ਼ ਹਾਂ। ਇਤਿਹਾਸ ਦਾ ਹਿੱਸਾ ਬਣਨਾ ਅਤੇ ਸਾਰਿਆਂ ਦਾ ਪਿਆਰ ਹੋਣਾ, ਅਤੇ ਨਾਲ ਹੀ ਐਡੀ (ਨਿਰਮਾਤਾ ਆਦਿਤਿਆ ਚੋਪੜਾ) ਅਤੇ ਸ਼ਾਹਰੁਖ ਖਾਨ ਦਾ ਪਿਆਰ ਮੇਰੇ ਲਈ ਸਪੈਸ਼ਲ ਬਣਿਆ। ਜਾਨ ਅਬਰਾਹਾਮ ਅਤੇ ਸ਼ਾਹਰੁਖ ਖਾਨ ਤੋਂ ਇਲਾਵਾ ਪਠਾਨ ਵਿਚ ਦੀਪਿਕਾ ਪਾਦੁਕੋਨ, ਅਸ਼ੂਤੋਸ਼ ਰਾਣਾ ਅਤੇ ਡਿੰਪਲ ਕਪਾਡੀਆ ਵੀ ਹਨ। ਫਿਲਮ ਸਿਧਾਰਥ ਆਨੰਦ ਦੁਆਰਾ ਨਿਰਦੇਸ਼ਿਤ ਕੀਤੀ ਗਈ ਹੈ ਜਦੋਂ ਕਿ ਨਿਰਮਾਤਾ ਆਦਿਤਯ ਚੋਪੜਾ ਹਨ।

# ‘ਸੈਲਫੀ’ ਦੀ ਨਾਕਾਮੀ ਮਗਰੋਂ ਏਕਤਾ ਕਪੂਰ ਵੱਲੋਂ ਅਕਸ਼ੈ ਦੀ ਹਮਾਇਤ




ਮੁੰਬਈ-ਭਾਰਤੀ ਟੀਵੀ ਜਗਤ ‘ਤੇ ਰਾਜ ਕਰਨ ਵਾਲੀ ਨਿਰਮਾਤਾ ਏਕਤਾ ਕਪੂਰ ਹਾਲ ਹੀ ‘ਚ ਰਿਲੀਜ਼ ਹੋਈ ਫਿਲਮ ‘ਸੈਲਫੀ’ ਦੀ ਅਸਫਲਤਾ ਤੋਂ ਬਾਅਦ ਸੁਪਰਸਟਾਰ ਅਕਸ਼ੈ ਕੁਮਾਰ ਦੇ ਸਮਰਥਨ ‘ਚ ਆ ਗਈ ਹੈ। ਦੱਸਣਾ ਬਣਦਾ ਹੈ ਕਿ ਇਹ ਫਿਲਮ ਦਰਸ਼ਕਾਂ ਨੂੰ ਥੀਏਟਰ ਵੱਲ ਖਿੱਚਣ ਵਿੱਚ ਅਸਫਲ ਸਾਬਤ ਹੋਈ ਹੈ। ਇਸ ਫਿਲਮ ਵਿਚ ਇਮਰਾਨ ਹਾਸ਼ਮੀ ਵੀ ਹੈ ਤੇ ਇਹ ਫਿਲਮ 2019 ਦੀ ਮਲਿਆਲਮ ਫਿਲਮ ‘ਡਰਾਈਵਿੰਗ ਲਾਇਸੈਂਸ’ ਦਾ ਰੀਮੇਕ ਹੈ। ਇਸ ਫਿਲਮ ਨੇ ਬਾਕਸ ਆਫਿਸ ‘ਤੇ ਹਾਲੇ ਤਕ ਸਿਰਫ 2.5 ਕਰੋੜ ਰੁਪਏ ਕਮਾਏ ਹਨ ਤੇ ਇਹ ਫਿਲਮ ਅਕਸ਼ੈ ਕੁਮਾਰ ਦੀ ਛੇਵੀਂ ਫਿਲਮ ਹੈ ਜੋ ਫਲਾਪ ਸਿੱਧ ਹੋਈ ਹੈ। ਇਸ ਤੋਂ ਪਹਿਲਾਂ ਅਕਸ਼ੈ ਕੁਮਾਰ ਦੀਆਂ ‘ਬੱਚਨ ਪਾਂਡੇ’, ‘ਸਮਰਾਟ ਪ੍ਰਿਥਵੀਰਾਜ’, ‘ਰਕਸ਼ਾ ਬੰਧਨ’, ‘ਕਠਪੁਤਲੀ’ ਅਤੇ ‘ਰਾਮ ਸੇਤੂ’ ਫਿਲਮਾਂ ਵੀ ਬਾਕਸ ਆਫਿਸ ‘ਤੇ ਫਲਾਪ ਰਹੀਆਂ ਹਨ। ਏਕਤਾ ਕਪੂਰ ਨੇ ਇਸਟਾਗ੍ਰਾਮ ‘ਤੇ ਸਟੋਰੀ ਸ਼ੇਅਰ ਕਰਦਿਆਂ ਲਿਖਿਆ, ‘ਅਕਸ਼ੈ ਕੁਮਾਰ ਕੰਮ ਕਰਨ ਲਈ ਸਭ ਤੋਂ ਭਰੋਸੇਮੰਦ ਅਦਾਕਾਰ ਹੈ!!!’ ਏਕਤਾ ਨੇ ਇਹ ਪੋਸਟ ਕੰਗਨਾ ਰਣੌਤ ਦੀ ‘ਸੈਲਫੀ’ ਦੀ ਆਲੋਚਨਾ ਕਰਨ ਤੋਂ ਬਾਅਦ ਸ਼ੇਅਰ ਕੀਤੀ ਹੈ। ਕੰਗਨਾ ਨੇ ਬਾਕਸ ਆਫਿਸ ਰਿਪੋਰਟ ‘ਤੇ ਪ੍ਰਤੀਕਿਰਿਆ ਦਿੰਦਿਆਂ ਕਿਹਾ, ‘ਕਰਨ ਜੌਹਰ ਦੀ ਫਿਲਮ ‘ਸੈਲਫੀ’ ਨੇ ਪਹਿਲੇ ਦਿਨ ਬੜੀ ਔਖ ਨਾਲ 10 ਲੱਖ ਦਾ ਕਾਰੋਬਾਰ ਕੀਤਾ ਤੇ ਮੀਡੀਆ ਵਾਲਿਆਂ ਨੇ ਵੀ ਫਿਲਮ ਦੀ ਅਸਫਲਤਾ ‘ਤੇ ਮਜ਼ਾਕ ਉਡਾਇਆ।’

# ‘ਹੇਰਾ ਫੇਰੀ 3’ ਵਿਚ ਮੁੜ ਇਕੱਠੇ ਦਿਖਾਈ ਦੇਣਗੇ ਸੁਨੀਲ ਸ਼ੈੱਟੀ ਤੇ ਅਕਸ਼ੈ ਕੁਮਾਰ



ਮੁੰਬਈ-ਅਦਾਕਾਰ ਸੁਨੀਲ ਸ਼ੈੱਟੀ ਫਿਲਮ ‘ਹੇਰਾ ਫੇਰੀ’ ਦੀ ਤੀਜੀ ਕੜੀ ਵਾਸਤੇ ਮੁੜ ਅਦਾਕਾਰ ਅਕਸ਼ੈ ਕੁਮਾਰ ਨਾਲ ਸਕਰੀਨ ਸਾਂਝੀ ਕਰਨ ਲਈ ਉਤਸ਼ਾਹਿਤ ਹੈ। ਸੋਸ਼ਲ ਮੀਡੀਆ ‘ਤੇ ਇੱਕ ਪੋਸਟ ਸਾਂਝੀ ਕਰਦਿਆਂ ਅਦਾਕਾਰ ਨੇ ਅਕਸ਼ੈ ਕੁਮਾਰ ਤੇ ਪਰੇਸ਼ ਰਾਵਲ ਨਾਲ ਕੰਮ ਸ਼ੁਰੂ ਕਰਨ ਬਾਰੇ ਦੱਸਿਆ। ਅਦਾਕਾਰ ਨੇ ਲਿਖਿਆ, ‘ਆਖ਼ਰਕਾਰ ‘ਹੇਰਾ ਫੇਰੀ 3‘ ਸ਼ੁਰੂ ਹੋ ਗਈ ਹੈ। ਪਰੇਸ਼ ਰਾਵਲ ਤੇ ਅਕਸ਼ੈ ਕੁਮਾਰ ਨਾਲ ਮੁੜ ਕੰਮ ਕਰਨ ਲਈ ਬਹੁਤ ਉਤਸ਼ਾਹਿਤ ਹਾਂ। ਹਰ ਚੰਗੀ ਚੀਜ਼ ਵਾਂਗ ਇਸ ਨੇ ਵੀ ਲੰਬਾ ਸਮਾਂ ਇੰਤਜ਼ਾਰ ਕਰਵਾਇਆ ਹੈ, ਪਰ ਅਖੀਰ ਇਸ ਸਵਾਲ ਦਾ ਜਵਾਬ ਮਿਲਣ ਮਗਰੋਂ ਹੁਣ ਸ਼ਾਂਤੀ ਮਿਲ ਗਈ ਹੈ। ਫਿਲਮਾਂ ਸਾਡੇ ਸਭਿਆਚਾਰ ਦਾ ਇੱਕ ਅਹਿਮ ਹਿੱਸਾ ਹਨ, ਪਰ ਫਿਰ ਵੀ ਵੱਡੀ ਗਿਣਤੀ ਲੋਕ ਇਹ ਨਹੀਂ ਸਮਝ ਪਾਉਂਦੇ ਕਿ ਇੱਕ ਵਧੀਆ ਫਿਲਮ ਬਣਾਉਣ ਲਈ ਕੀ ਕੁਝ ਲੋੜੀਂਦਾ ਹੁੰਦਾ ਹੈ।“ ਜ਼ਿਕਰਯੋਗ ਹੈ ਕਿ ਪਹਿਲਾਂ ਅਕਸ਼ੈ ਕੁਮਾਰ ਵੱਲੋਂ ਵੀ ਸੁਨੀਲ ਸ਼ੈੱਟੀ ਤੇ ਪਰੇਸ਼ ਰਾਵਲ ਨਾਲ ਆਪਣੀ ਇੱਕ ਵੀਡੀਓ ਸਾਂਝੀ ਕੀਤੀ ਗਈ ਸੀ, ਪਰ ਬਾਅਦ ਵਿੱਚ ਸਪੱਸ਼ਟ ਕਰ ਦਿੱਤਾ ਗਿਆ ਸੀ ਕਿ ਉਹ ਵੀਡੀਓ ਸਿਰਫ਼ ਫਿਲਮ ਦਾ ਪ੍ਰੋਮੋ ਸ਼ੂਟ ਕਰਨ ਵੇਲੇ ਬਣਾਈ ਗਈ ਸੀ। ਫਿਲਮ ‘ਹੇਰਾ ਫੇਰੀ 3‘ ਦਾ ਨਿਰਦੇਸ਼ਨ ਫਰਹਾਦ ਸਾਮਜੀ ਵੱਲੋਂ ਕੀਤਾ ਜਾ ਰਿਹਾ ਹੈ। ਗੌਰਤਲਬ ਹੈ ਕਿ ਇਸ ਕੜੀ ਦੀ ਪਹਿਲੀ ਫਿਲਮ 2000 ਵਿੱਚ ਆਈ ਸੀ, ਜਿਸ ਦਾ ਨਿਰਦੇਸ਼ਨ ਪ੍ਰਿਯਦਰਸ਼ਨ ਵੱਲੋਂ ਕੀਤਾ ਗਿਆ ਸੀ।

# ਮੁ.ਗਲ-ਏ-ਆਜ਼ਮ ਦਾ ਹਰ ਸੀਨ ਤਿੰਨ ਭਾਸ਼ਾਵਾਂ ਵਿੱਚ ਹੋਇਆ ਸੀ ਸ਼ੂਟ



ਹਿੰਦੀ ਸਿਨੇਮਾ ਨੇ ਸੌ ਸਾਲ ਤੋਂ ਵੱਧ ਦਾ ਸਮਾਂ ਪੂਰਾ ਕਰ ਲਿਆ ਹੈ। ਭਾਵ, ਇੱਕ ਸਦੀ ਤੋਂ ਵੱਧ। ਇਨ੍ਹਾਂ ਸੌ ਸਾਲਾਂ ਵਿੱਚ ਕਈ ਯਾਦਗਾਰੀ ਅਤੇ ਬਿਹਤਰੀਨ ਫ਼ਿਲਮਾਂ ਬਣੀਆਂ, ਜਿਨ੍ਹਾਂ ਵਿੱਚੋਂ ਇੱਕ ਸੀ ਮੁਗ਼ਲ-ਏ-ਆਜ਼ਮ, ਜੋ 1960 ਵਿੱਚ ਰਿਲੀਜ਼ ਹੋਈ, ਇਹ ਫਿਲਮ ਹਿੰਦੀ ਦੀਆਂ ਸਭ ਤੋਂ ਮਸ਼ਹੂਰ ਫਿਲਮਾਂ ਵਿਚੋਂ ਇੱਕ ਹੈ। ਜਿਸ ਨੂੰ ਬਣਾਉਣ ‘ਚ ਵੀ ਕਾਫੀ ਸਮਾਂ ਲੱਗਾ। ਇਹ ਫਿਲਮ ਕੁੱਲ 16 ਸਾਲਾਂ ਵਿੱਚ ਪੂਰੀ ਹੋਈ ਸੀ। ਪਰ ਜਦੋਂ ਇਹ ਰਿਲੀਜ਼ ਹੋਈ ਤਾਂ ਇਸ ਨੇ ਅਜਿਹੀ ਛਾਪ ਛੱਡੀ ਕਿ ਅੱਜ ਵੀ ਮਧੂਬਾਲਾ ਦੀ ਖੂਬਸੂਰਤੀ ਅਤੇ ਦਿਲੀਪ ਕੁਮਾਰ ਦੀ ਅਭੁੱਲ ਅਦਾਕਾਰੀ ਅੱਖਾਂ ਦੇ ਸਾਹਮਣੇ ਤਾਜ਼ਾ ਹੋ ਜਾਂਦੀ ਹੈ। ਮੀਡੀਆ ਰਿਪੋਰਟਾਂ ਮੁਤਾਬਕ ਫਿਲਮ ਨੂੰ ਬਣਾਉਣ ‘ਚ ਇੰਨਾ ਸਮਾਂ ਲੱਗਣ ਪਿੱਛੇ ਇਹ ਵੀ ਇਕ ਕਾਰਨ ਸੀ। ਦਰਅਸਲ, ਕਿਹਾ ਜਾਂਦਾ ਹੈ ਕਿ ਫਿਲਮ ਦਾ ਹਰ ਸੀਨ ਤਿੰਨ ਵੱਖ-ਵੱਖ ਭਾਸ਼ਾਵਾਂ ਵਿੱਚ ਸ਼ੂਟ ਕੀਤਾ ਗਿਆ ਸੀ। ਪਹਿਲਾਂ ਹਿੰਦੀ ਅਤੇ ਫਿਰ ਅੰਗਰੇਜ਼ੀ ਅਤੇ ਤਾਮਿਲ। ਇਸੇ ਲਈ ਹਰ ਸੀਨ ‘ਤੇ ਕਾਫੀ ਸਮਾਂ ਅਤੇ ਮਿਹਨਤ ਲੱਗੀ। ਜਦੋਂ ਇਹ ਫਿਲਮ ਤਿਆਰ ਹੋਈ ਤਾਂ ਇਸ ਨੂੰ ਹਿੰਦੀ ਦੇ ਨਾਲ-ਨਾਲ ਅੰਗਰੇਜ਼ੀ ਅਤੇ ਤਾਮਿਲ ਵਿੱਚ ਵੀ ਰਿਲੀਜ਼ ਕੀਤਾ ਗਿਆ। ਦੱਸਿਆ ਜਾਂਦਾ ਹੈ ਕਿ ਹਿੰਦੀ ਅਤੇ ਅੰਗਰੇਜ਼ੀ ਤੋਂ ਇਲਾਵਾ ਫਿਲਮ ਨੂੰ ਕਿਸੇ ਵੀ ਭਾਸ਼ਾ ‘ਚ ਪਸੰਦ ਨਹੀਂ ਕੀਤਾ ਗਿਆ। 1961 ਵਿੱਚ ਤੇਲਗੂ ਵਿੱਚ ਡਬਿੰਗ ਕਰਨ ਤੋਂ ਬਾਅਦ, ਫਿਲਮ ਅਕਬਰ ਦੇ ਰੂਪ ਵਿੱਚ ਰਿਲੀਜ਼ ਹੋਈ ਸੀ ਪਰ ਉਹ ਵੀ ਕੰਮ ਨਹੀਂ ਕਰ ਸਕੀ। ਵੈਸੇ, ਤੁਹਾਨੂੰ ਦੱਸ ਦੇਈਏ ਕਿ ਮੁਗਲ-ਏ-ਆਜ਼ਮ ਸਿਰਫ ਬਲੈਕ ਐਂਡ ਵਾਈਟ ਫਿਲਮ ਸੀ। ਜਿੱਥੇ ਦਿਲੀਪ ਕੁਮਾਰ ਸਲੀਮ ਦੀ ਭੂਮਿਕਾ ਵਿੱਚ ਸਨ, ਉਥੇ ਮਧੂਬਾਲਾ ਨੇ ਅਨਾਰਕਲੀ ਦੀ ਭੂਮਿਕਾ ਨਿਭਾਈ ਸੀ। ਦੱਸਿਆ ਜਾਂਦਾ ਹੈ ਕਿ ਇਸ ਫਿਲਮ ਦੀ ਸ਼ੂਟਿੰਗ ਦੌਰਾਨ ਉਨ੍ਹਾਂ ਦਾ ਪਿਆਰ ਖਿੜਆ ਅਤੇ ਖਤਮ ਹੋ ਗਿਆ। ਦਿਲੀਪ ਕੁਮਾਰ ਮਧੂਬਾਲਾ ਨਾਲ ਪਿਆਰ ਕਰਦੇ ਸਨ ਅਤੇ ਉਸ ਨਾਲ ਵਿਆਹ ਕਰਨਾ ਚਾਹੁੰਦੇ ਸਨ ਪਰ ਇਹ ਰਿਸ਼ਤਾ ਪੂਰਾ ਨਹੀਂ ਹੋ ਸਕਿਆ।


ਸ਼ੋਰ ਸਾਈਡ ਫਿਸ਼ ਕੈਨਰੀ



ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।

ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ।
STUDENTS CAN ALSO APPLY

ਅੱਜ ਹੀ ਫੋਨ ਕਰੋ ਅਤੇ ਕੰਮ ‘ਤੇ ਜਾਓ।

ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।

PHONE: 604-244-1118
FAX: 604-270-3075

ਫੋਰਕਲਿਫਟ ਡਰਾਈਵਰਾਂ ਦੀ ਲੋੜ ਹੈ।
FORKLIFT DRIVERS NEEDED

ਜੈ ਰਾਜਾ ਸਾਹਿਬ ਜੀ ਦੀ

ਜੈ ਰਾਜਾ ਸਾਹਿਬ ਜੀ ਦੀ

# ਪ੍ਰਕਾਸ਼ ਉਤਸਵ ਸ੍ਰੀ ਨਾਭ ਕੰਵਲ ਰਾਜਾ ਸਾਹਿਬ




**ਆਰਫੋਂ ਕੀ ਸੰਗਤ ਮੈਂ ਅਜਬ ਹੀ ਰੰਗਤ ਹੈ!! ਪੇਖ ਕੀ ਪਛਾਣੀ ਹਟੇ ਕੋਟਣ ਕੀ ਬੀਮਾਰੀ ਹੈ!!**

ਗੁਰੂ ਪਿਆਰੀ ਸਾਧ ਸੰਗਤ ਜੀ,

ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਸ੍ਰੀ ਨਾਭ ਕੰਵਲ ਰਾਜਾ ਸਾਹਿਬ ਜੀ ਦੇ ਪ੍ਰਕਾਸ਼ ਉਤਸਵ ਆਪ ਸਭ ਸੰਗਤਾਂ ਦੇ ਸਹਿਯੋਗ ਨਾਲ ਸ੍ਰੀ ਅਖੰਡਪਾਠ ਸਾਹਿਬ ਜੀ ਦੀ ਸੇਵਾ ਕਰਦਿਆਂ ਕੈਨੇਡਾ ਵਿਚ 3, 4, 5 ਮਾਰਚ, 2023 ਨੂੰ ਇੰਡੀਆ ਕਲਚਰਲ ਸੈਂਟਰ ਆਫ ਕੈਨੇਡਾ 8600 ਨੰਬਰ 5 ਰੋਡ ਰਿਚਮੰਡ ਵਿਖੇ ਬੜੀ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ। ਦੂਸਰੇ ਅਖੰਡਪਾਠ ਸਾਹਿਬ ਜੀ ਅਬਦੂਤ ਮਹਾਰਾਜ ਸਾਹਿਬ ਦੀ ਯਾਦ ਵਿਚ। 2 ਹੋਰ ਅਖੰਡਪਾਠ ਸਾਹਿਬ ਜੀ ਦੀ ਸੇਵਾ 2 ਸ਼ਰਧਾਲੂ ਪਰਿਵਾਰਾਂ ਵੱਲੋਂ ਕਰਵਾਈ ਜਾ ਰਹੀ ਹੈ। ਸਭ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਸਾਰੇ ਪਰਿਵਾਰ ਸਮੇਤ ਤਿੰਨੇ ਦਿਨ ਗੁਰਦੁਆਰਾ ਸਾਹਿਬ ਪਹੁੰਚ ਕੇ ਗੁਰਬਾਣੀ ਸੁਣ ਕੇ, ਸੇਵਾ ਵਿਚ ਹੱਥ ਵਟਾ ਕੇ ਜੀਵਨ ਸਫਲ ਕਰੋ ਜੀ।

## ਪ੍ਰੋਗਰਾਮ

**ਆਰੰਭ ਸ੍ਰੀ ਅਖੰਡ ਪਾਠ ਸਾਹਿਬ ...... 3 ਮਾਰਚ, 2023 ਦਿਨ ਸ਼ੁੱਕਰਵਾਰ ਸਵੇਰੇ 9:30 ਵਜੇ**

**ਭੋਗ ਸ੍ਰੀ ਅਖੰਡ ਪਾਠ ਸਾਹਿਬ ......... 5 ਮਾਰਚ, 2023 ਦਿਨ ਐਤਵਾਰ ਸਵੇਰੇ 9:30 ਵਜੇ**

**ਭੋਗ ਉਪਰੰਤ ਦੀਵਾਨ ਸੱਜਣਗੇ, ਜਿਸ ਵਿਚ ਗੁਣੀ ਗਿਆਨੀ ਰਾਜਾ ਸਾਹਿਬ ਜੀ ਦੇ ਜੀਵਨ 'ਤੇ ਚਾਨਣਾ ਪਾਉਣਗੇ। ਤਿੰਨੇ ਦਿਨ ਲੰਗਰ ਦੀ ਸੇਵਾ ਆਪ ਸਮੂਹ ਸੰਗਤਾਂ ਵੱਲੋਂ ਹੋਵੇਗੀ। ਜੋ ਵੀ ਆਪ ਜੀ ਵੱਲੋਂ ਦਾਨ ਦਿੱਤਾ ਜਾਵੇਗਾ ਉਹ ਰਾਜਾ ਸਾਹਿਬ ਜੀ ਦੇ ਅਸਥਾਨ ਤਖਤ ਸਾਹਿਬ ਪਿੰਡ ਰਹਿਪਾ ਵਿਖੇ ਜੋ ਹਸਪਤਾਲ ਚੱਲ ਰਿਹਾ ਹੈ ਉਸ ਲਈ ਭੇਜਿਆ ਜਾਵੇਗਾ। ਰਾਜਾ ਸਾਹਿਬ ਜੀ ਦੇ ਜੀਵਨ 'ਤੇ ਆਧਾਰਿਤ ਸਾਡੇ ਕੋਲ ਕੈਸਟਾਂ ਵੀ ਹਨ। ਜੇਕਰ ਕਿਸੇ ਨੂੰ ਕੋਈ ਵੀ ਕੈਸਟ ਚਾਹੀਦੀ ਹੋਵੇ ਤਾਂ ਉਹ ਮੁਫਤ ਲੈ ਸਕਦਾ ਹੈ। ਉਸ ਦੇ ਲਈ ਬੌਬੀ ਢੀਂਡਸਾ ਨੂੰ 604-728-3802 'ਤੇ ਫੋਨ ਕਰ ਸਕਦੇ ਹੋ।**

## ਸਮੂਹ ਸੰਗਤਾਂ ਦੇ ਧੰਨਵਾਦੀ

ਮੋਹਣ ਸਿੰਘ ਝਿੰਗੜ : 604-729-4733 ■ ਜੋਗਿੰਦਰ ਸਿੰਘ ਚਾਹਲ : 604-626-5247

ਅਮਰਜੀਤ ਸਿੰਘ ਗਿੱਲ : 604-728-1408 ■ ਇੰਦਰਪਾਲ ਸਿੰਘ ਸਿਆਣ : 604-721-1807

ਬਲਬੀਰ ਸਿੰਘ ਹੀਰ : 778-552-0028 ■ ਗੁਰਦੇਵ ਸਿੰਘ : 250-498-1744

**ਹੋਰ ਜਾਣਕਾਰੀ ਲਈ ਗੁਰੂ ਘਰ ਦਾ ਫੋਨ : 604-274-7479**


Happy Holi
fruiticana hee jaana!
LOWEST PRICES IN TOWN
EXTRA SUPER SPECIAL
Indian Okra Extra Fancy
ਭਾਰਤੀ ਭਿੰਡੀ ਐਕਸਟਰਾ ਫੈਂਸੀ
$2.99 lb
EXTRA SUPER SUPER SPECIAL
Roma & Round Tomatoes
ਰੋਮਾ ਜਾਂ ਗੋਲ ਟਮਾਟਰ
99¢ lb
SUPER SPECIAL
Red Onions 25 lbs
ਲਾਲ ਗੰਢੇ
RED ONIONS
$10.99 bag
SUPER SPECIAL
Indian Eggplants
ਦੇਸੀ ਬਤਾਊਂ
99¢ lb
SUPER SPECIAL
Yellow Onions 50 lbs
ਪੀਲੇ ਗੰਢੇ
YELLOW ONIONS
$12.98 bag
SUPER SPECIAL
Long English Cucumbers
ਲੰਬੇ ਇੰਗਲਿਸ਼ ਖੀਰੇ
2 for $1.50
SUPER SPECIAL
Black Chana ਕਾਲੇ ਛੋਲੇ
98¢ lb
SUPER SPECIAL
Black Chana, Chana Dal & Red Lentil Whole 4 lbs (Indican)
ਕਾਲੇ ਛੋਲੇ, ਚਨੇ ਦੀ ਦਾਲ, ਮਸਰਾਂ ਦੀ ਸਾਬਤ ਦਾਲ (ਇੰਡੀਕੈਨ)
$3.88 bag
Russet Potatoes Snoboy 10lbs USA #1
ਆਲੂ ਰਸਟ ਸਨੋਬੁਆਏ ਯੂ.ਐਸ. #੧
$4.98 bag
Zucchini Squash
ਜ਼ੁਕੀਨੀ ਸਕੁਐਸ਼
88¢ lb
Large Seedless Oranges
ਵੱਡੇ ਸੰਤਰੇ (ਬਿਨਾ ਬੀਜ ਤੋਂ)
99¢ lb
Fresh Garlic
ਤਾਜ਼ਾ ਲਸਣ
98¢ lb
Opo Squash
ਓਪੋ ਕੱਦੂ
99¢ lb
Rapini (Sarson da Saag)
ਸਰਸੋਂ ਦਾ ਸਾਗ
$2.98 bunch
Almond Oil 1 L (Indican)
ਇੰਡੀਕੈਨ ਬਦਾਮ ਦਾ ਤੇਲ
$12.99 bottle
Red Lentil Split (Masoor Dal)
ਧੋਤੀ ਮਸਰਾਂ ਦੀ ਦਾਲ
99¢ lb
Indican Assam Tea
ਇੰਡੀਕੈਨ ਅਸਾਮ ਚਾਹ 216's
$7.99 box
Almonds #1
ਬਦਾਮ #੧
$3.98 lb
Green Elaichi (Cardamom)
ਹਰੀ ਇਲਾਇਚੀ
$14.97 lb
Thur Mar 02, 2023 - Wed Mar 08, 2023
We reserve the right to limit the quantities while they last
Specials valid for Lower Mainland only
Product images may differ from the actual product.
22 LOCATIONS TO SERVE YOU
Head Office: 7676 Anvil Way, Surrey
604-502-0005
www.fruiticana.com
fruiticana SINCE 1994
BUSINESS HOURS
9AM - 8PM
7 DAYS A WEEK
Newton ---------- 13783 72nd Ave. Surrey ---- 604-590-2080
Newton ---------- 13174 64th Ave. Surrey ----- 604-598-9220
Scott Road ------ 12047 80th Ave. Surrey ----- 604-591-5032
Scott Road ------ 104-7028 120th St. ----------- 604-590-8864
Cedar Hills ------ 12867 96th Ave. Surrey ----- 604-588-6620
Fleetwood ------- 101-15933 Fraser Hwy ------ 604-593-5163
Fleetwood ------- 15230 84 Ave. ---------------- 236-317-6272
Surrey------------ 12990 72nd Ave. ------------- 604-503-5510
Surrey ----------- 12788 76A Ave. Surrey ----- 604-597-1676
Surrey ----------- 16788 64 Ave. ---------------- 604-372-2023
Surrey ----------- 101-7228 192St. -------------- 604-575-3750
New Westminster 101-331 6th St. -------------- 604-395-3595
Abbotsford------ 2785 Bourquin Crescent W. 604-744-0328
Abbotsford ------ 31205 Maclure Rd. ---------- 604-504-5877
Port Coquitlam 2807 Shaughnessy St. ------ 604-464-0822
Vancouver ------- 6257 Fraser St. -------------- 604-321-9931
Richmond------- 4101 No.5 Rd. --------------- 604-244-9520